55

# ਬਪਤਿਸਮਾ ਕਦੋਂ ਬਪਤਿਸਮਾ ਨਹੀਂ ਹੁੰਦਾ?

## (18:22, 23; 19:1-7)

ਇਕ ਦੋਸਤ ਨਾਲ (ਮੰਨ ਲਓ ਉਹਦਾ ਨਾਂਅ ਸੁਨੀਲ ਹੈ) ਮੇਰਾ ਬਾਈਬਲ ਅਧਿਐਨ ਉਦੋਂ ਤਕ ਬੜੇ ਅਰਾਮ ਨਾਲ ਚੱਲਦਾ ਰਿਹਾ ਜਦ ਤਕ ਅਸੀਂ ਬਪਤਿਸਮੇ ਦੇ ਵਿਸ਼ੇ ਤੇ ਨਹੀਂ ਪਹੁੰਚੇ। ਸੁਨੀਲ ਇਸ ਗੱਲ ਤੇ ਅੜਿਆ ਹੋਇਆ ਸੀ ਕਿ ਬਪਤਿਸਮਾ ਲੈਣ ਜਾਂ ਨਾ ਲੈਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮਰਕੁਸ 16:16 ਅਤੇ ਰਸੂਲਾਂ ਦੇ ਕੰਮ 2:38 ਵਰਗੀਆਂ ਆਇਤਾਂ ਨੂੰ ਪੜ੍ਹ ਕੇ ਜਿਨ੍ਹਾਂ ਵਿਚ ਬਪਤਿਸਮੇ ਅਤੇ ਬਚਾਏ ਜਾਣ ਵਿਚ ਸਬੰਧ ਦਾ ਪਤਾ ਲਗਦਾ ਹੈ, ਸੁਨੀਲ ਇਨ੍ਹਾਂ ਨੂੰ ਅਪ੍ਰਮਾਣਕ ਮੰਨ ਕੇ ਮੋਢੇ ਮਾਰਦਾ ਸੀ। ਜਦ ਤਕ ਇਹ ਸਵਾਲ ਹੱਲ ਨਹੀਂ ਹੋ ਜਾਂਦਾ ਤਦ ਤਕ ਅੱਗੇ ਅਧਿਐਨ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ। ਸੋ ਮੈਂ ਸੁਝਾਅ ਦਿੱਤਾ ਕਿ ਪਹਿਲਾਂ ਅਸੀਂ ਬਪਤਿਸਮੇ ਦੇ ਮਕਸਦ ਤੇ ਗਹਿਰਾਈ ਨਾਲ ਅਧਿਐਨ ਕਰੀਏ। ਇਕ ਕੰਕੌਰਡੈਂਸ ਅਤੇ ਡਿਕਸ਼ਨਰੀ ਲੈ ਕੇ ਅਸੀਂ ਦੋਹਾਂ ਨੇ ਬਾਈਬਲ ਵਿਚ ਜਿੱਥੇ-ਜਿੱਥੇ ਬਪਤਿਸਮੇ ਦਾ ਜ਼ਿਕਰ ਆਇਆ, ਉਸ ਨੂੰ ਲਿਖ ਲਿਆ। ਇਕ-ਇਕ ਕਰਕੇ ਅਸੀਂ ਉਨ੍ਹਾਂ ਆਇਤਾਂ ਦਾ ਅਧਿਐਨ ਕਰਨ ਲੱਗੇ। ਹਰ ਆਇਤ ਵਿਚ ਆ ਕੇ ਮੈਂ ਸੁਨੀਲ ਨੂੰ ਉੱਚੀ ਅਵਾਜ਼ ਵਿਚ ਪੜ੍ਹਨ ਅਤੇ ਇਹ ਦੱਸਣ ਲਈ ਕਹਿੰਦਾ ਕਿ ਇਹ ਆਇਤ ਬਪਤਿਸਮੇ ਬਾਰੇ ਕੀ ਕਹਿੰਦੀ ਹੈ। ਸੁਨੀਲ ਵੱਲੋਂ ਅਟਕਲ ਪੱਚੂ-ਅਸਪਸ਼ਟ ਜਾਂ ਅਧੂਰੀਆਂ ਆਇਤਾਂ ਨੂੰ ਇਕ-ਇਕ ਕਰਕੇ ਪੜ੍ਹਨ ਨਾਲ ਮੈਨੂੰ ਲੱਗਾ ਕਿ ਰਸੂਲਾਂ ਦੇ ਕੰਮ 19 ਅਧਿਆਇ ਵਿਚ ਪਹੁੰਚਦੇ-ਪਹੁੰਚਦੇ ਰਾਤ ਪੈ ਜਾਵੇਗੀ।

ਸੁਨੀਲ ਵੱਲੋਂ ਰਸੂਲਾਂ ਦੇ ਕੰਮ 19 ਵਿਚ ਬਾਰਾਂ ਲੋਕਾਂ ਦੇ ਦੁਬਾਰਾ ਬਪਤਿਸਮੇ ਬਾਰੇ ਪੜ੍ਹਨ ਤੇ ਮੈਂ ਅਣਗੌਲਿਆਂ ਨਹੀਂ ਕਰ ਦਿੱਤਾ। ਮੈਨੂੰ ਪਤਾ ਸੀ ਕਿ ਰਸੂਲਾਂ ਦੇ ਕੰਮ 19:1-7 ਦੇ ਮਕਸਦ ਦੇ ਬਾਰੇ ਕੋਈ ਸਪਸ਼ਟ ਵਾਕ ਨਹੀਂ ਹੈ, ਸੋ ਮੈਂ ਅਗਲੀ ਆਇਤ ਤੇ ਜਾਣ ਲਈ ਤਿਆਰ ਸਾਂ। ਮੈਨੂੰ ਹੈਰਾਨੀ ਹੋਈ ਕਿ ਰਸੂਲਾਂ ਦੇ ਕੰਮ 19 ਅਧਿਆਇ ਪੜ੍ਹਨਾ ਬੰਦ ਕਰਕੇ ਸੁਨੀਲ ਦੇ ਚਿਹਰੇ ਤੇ ਕੁਝ ਪਰੇਸ਼ਾਨੀ ਜਿਹੀ ਵਿਖਾਈ ਦਿੱਤੀ। ਉਹਨੇ ਉਹ ਆਇਤ ਫੇਰ ਹੌਲੀ-ਹੌਲੀ ਪੜ੍ਹੀ। ਫਿਰ ਉਹਨੇ ਮੈਨੂੰ ਘੱਟ ਤੇ ਆਪਣੇ ਆਪ ਨੂੰ ਬਹੁਤਾ ਪੁੱਛਿਆ, ''ਜੇ ਬਪਤਿਸਮੇ ਦੀ ਲੋੜ ਨਹੀਂ ਹੈ, ਤਾਂ ਉਨ੍ਹਾਂ ਨੂੰ ਇਸ ਵਿਚ ਸੁਧਾਰ ਕਰਨ ਦੀ ਕੀ ਲੋੜ ਸੀ? ਜੇ ਬਪਤਿਸਮਾ ਸਿਰਫ਼ ਇਕ ਰਸਮੀ ਕਾਰਜ ਹੈ ਤਾਂ ਉਨ੍ਹਾਂ ਨੇ ਦੁਬਾਰਾ ਕਿਉਂ ਲਿਆ?'' ਇਸ ਨਾਲ ਸਾਡੇ ਅਧਿਐਨ ਵਿਚ ਇਕ ਨਵਾਂ ਮੋੜ ਆ ਗਿਆ ਸੀ। ਅਖ਼ੀਰ ਸੁਨੀਲ ਬਪਤਿਸਮੇ ਦੇ ਵਿਸ਼ੇ ਤੇ ਦੱਸਣ

ਵਾਲੀਆਂ ਆਇਤਾਂ ਨੂੰ ਨਿਰਪੱਖ ਢੰਗ ਨਾਲ ਪੜ੍ਹਨ ਲੱਗ ਪਿਆ ਸੀ। ਉਹ ਪਹਿਲੀ ਰਾਤ ਸੀ ਜਦ ਮੈਨੂੰ ਰਸੂਲਾਂ ਦੇ ਕੰਮ 19 ਵਿਚ ਪੌਲੁਸ ਵੱਲੋਂ ਬਾਰਾਂ ਲੋਕਾਂ ਦੇ ਦੁਬਾਰਾ ਬਪਤਿਸਮੇ ਦੀ ਛੋਟੀ ਜਿਹੀ ਕਹਾਣੀ ਦੇ ਮਹੱਤਵ ਦਾ ਪਤਾ ਲੱਗਾ।

ਇਸ ਪਾਠ ਵਿਚ ਅਸੀਂ ਉਸ ਘਟਨਾ ਅਤੇ ਜੱਦੋ ਜਹਿਦ ਦਾ ਇਹ ਵੇਖਦੇ ਹੋਏ ਅਧਿਐਨ ਕਰਾਂਗੇ ਕਿ ਉਹ ਸਾਡੇ ਉੱਤੇ ਕਿਵੇਂ ਲਾਗੂ ਹੋਵੇਗਾ। ਉਸ ਤੋਂ ਪਹਿਲਾਂ ਸਾਨੂੰ ਪੌਲੁਸ ਨੂੰ ਤੀਜੀ ਮਿਸ਼ਨਰੀ ਯਾਤਰਾ ਤੇ ਭੇਜਣ ਲਈ ਤਿਆਰ ਕਰਨਾ ਹੈ।

## ਭਾਈਆਂ ਨੂੰ ਮਜ਼ਬੂਤ ਕਰਨਾ (18:22, 23; 19:1)

ਪੌਲੁਸ ਦੀ ਦੂਜੀ ਯਾਤਰਾ ਦੇ ਅਖ਼ੀਰ ਅਤੇ ਤੀਜੀ ਯਾਤਰਾ ਦੇ ਸ਼ੁਰੂ ਬਾਰੇ ਲੂਕਾ ਨੇ ਐਨੀ ਫੁਰਤੀ ਨਾਲ ਦੱਸਿਆ ਕਿ ਸਾਡਾ ਸਾਹ ਫੁੱਲਣ ਲੱਗ ਪੈਂਦਾ ਹੈ। ਪੌਲੁਸ ਦੇ ਅੰਤਾਕੀਆ ਵਿਚ ਜਾਣ ਅਤੇ ਫਿਰ ਅਫ਼ਸੁਸ ਵਿਚ ਮੁੜ ਆਉਣ ਦੇ ਪੰਦਰਾਂ ਸੌ ਮੀਲ (ਚੌਵ੍ਹੀ ਸੌ ਕਿਲੋਮੀਟਰ) ਦੇ ਸਫ਼ਰ ਨੂੰ, ਜਿਸ ਵਿਚ ਕਈ ਮਹੀਨੇ ਲੱਗ ਗਏ ਸਨ, ਉਹਨੇ ਤਿੰਨ ਆਇਤਾਂ ਵਿਚ ਪੂਰਾ ਕਰ ਦਿੱਤਾ:[1]

> ਉਹ ਕੈਸਰੀਆ ਵਿਚ ਉੱਤਰਿਆ ਅਤੇ ਜਾਂ ਉਹ ਨੇ ਜਾ ਕੇ ਕਲੀਸੀਆ ਦੀ ਸੁੱਖ ਸਾਂਦ ਪੁੱਛੀ ਤਾਂ ਅੰਤਾਕੀਆ ਵਿਚ ਆਇਆ। ਅਤੇ ਉੱਥੇ ਕੁਝ ਚਿਰ ਰਹਿ ਕੇ ਉਹ ਚਲਿਆ ਗਿਆ ਅਤੇ ਗਲਾਤੀਆ ਅਤੇ ਫ਼ਰੁਗੀਆ ਦੇ ਦੇਸ ਵਿਚ ਥਾਂ-ਥਾਂ ਫਿਰ ਕੇ ਸਭ ਚੇਲਿਆਂ ਨੂੰ ਤਕੜਾ ਕਰਦਾ ਗਿਆ (18:22, 23)।

> ਇਉਂ ਹੋਇਆ ਕਿ ਜਾਂ ਅਪੁੱਲੋਸ ਕੁਰਿੰਥੁਸ ਵਿਚ ਸੀ ਤਾਂ ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ (19:1)।

ਲੂਕਾ ਦਾ ਮਕਸਦ ਸੀ ਕਿ ਜਿੰਨੀ ਛੇਤੀ ਹੋ ਸਕੇ ਅਫ਼ਸੁਸ ਵਿਚ ਜਾ ਕੇ ਪੌਲੁਸ ਦੀ ਸੇਵਕਾਈ ਬਾਰੇ ਦੱਸਿਆ ਜਾਵੇ, ਜੋ ਸ਼ਾਇਦ ਉਹਦੀਆਂ ਤਿੰਨ ਯਾਤਰਾਵਾਂ ਵਿੱਚੋਂ ਸਭ ਤੋਂ ਵੱਧ ਅਹਿਮ ਕੰਮ ਸੀ। ਅਫ਼ਸੁਸ ਏਸ਼ੀਆ (ਅਸੀਆ) ਦੀ ਸ਼ਾਨ ਸੀ। ਇਹ ਰੋਮੀ ਰਾਜ ਦੀ ਰਾਜਧਾਨੀ ਅਤੇ ਮੁੱਖ ਵਪਾਰਕ ਕੇਂਦਰ ਸੀ। ਇਸ ਦੀ ਬੰਦਰਗਾਹ ਤੇ ਕਈ ਜਹਾਜ਼ ਰੁਕ ਸਕਦੇ ਸਨ ਅਤੇ ਇਹ ਰੋਮ ਤੋਂ ਪੂਰਬ ਵੱਲ ਜਾਣ ਵਾਲੇ ਮੁੱਖ ਰਸਤੇ ਤੇ ਸੀ। ਵਪਾਰੀਆਂ ਦੇ ਇਲਾਵਾ ਦੁਨੀਆਂ ਭਰ ਦੇ ਮੁਸਾਫ਼ਰ ਦੁਨੀਆਂ ਦੇ ਸੱਤ ਅਜੂਬਿਆਂ ਵਿੱਚੋਂ ਇਕ ਅਰਤਿਮੀਸ ਦੇ ਮੰਦਰ ਨੂੰ ਵੇਖਣ ਲਈ ਇੱਥੇ ਆਉਂਦੇ ਸਨ। ਅਫ਼ਸੁਸ ਇਕ ਮਸ਼ਹੂਰ, ਸ਼ਾਨਦਾਰ, ਖੁਸ਼ਹਾਲ ਅਤੇ ਪਾਪ ਵਿਚ ਡੁੱਬਿਆ ਹੋਇਆ ਸ਼ਹਿਰ ਸੀ (ਅਫ਼ਸੀਆਂ 2:1, 12)।

## ਕੁਝ ਚੇਲਿਆਂ ਨੂੰ ਮਜ਼ਬੂਤ ਕਰਨਾ (19:1-7)

ਨਵੇਂ ਸ਼ਹਿਰ ਵਿਚ ਪਹੁੰਚਣ ਤੇ ਪੌਲੁਸ ਆਮ ਤੌਰ ਤੇ ਖਰੇ ਦਿਲ ਵਾਲਿਆਂ ਦੀ ਤਲਾਸ਼ ਵਿਚ ਸਭ ਤੋਂ ਪਹਿਲਾਂ ਉੱਥੋਂ ਦੇ ਪ੍ਰਾਰਥਨਾ ਭਵਨ (ਸਿਨਾਗੋਗ) ਵਿਚ ਹੀ ਜਾਂਦਾ ਸੀ (ਜੇ ਉਸ ਸ਼ਹਿਰ ਵਿਚ ਕੋਈ ਪ੍ਰਾਰਥਨਾ ਭਵਨ ਹੋਵੇ)। ਪਰ ਅਫ਼ਸੁਸ ਵਿਚ ਹਲਾਤ ਵਖਰੇ ਸਨ। ਉੱਥੇ ਪਹਿਲਾਂ ਹੀ ਇਕ ਛੋਟੀ ਜਿਹੀ ਕਲੀਸੀਆ ਸੀ,[2] ਜੋ ਸ਼ਾਇਦ ਅਕੂਲਾ ਅਤੇ ਪ੍ਰਿਸਕਾ ਦੇ ਘਰ ਇਕੱਠੀ ਹੁੰਦੀ ਸੀ (1 ਕੁਰਿੰਥੀਆਂ 16:19)। ਇਸ ਲਈ ਪੌਲੁਸ ਨੇ ਪਹਿਲਾਂ ਆਪਣੇ ਭਾਈਆਂ

ਨਾਲ ਕੁਝ ਸਮਾਂ ਬਿਤਾਇਆ। (ਮੈਂ ਉਸ ਦੇ ਪੁਰਾਣੇ ਦੋਸਤਾਂ ਅਕੂਲਾ ਅਤੇ ਪ੍ਰਿਸਕਾ ਦੇ ਉਹਨੂੰ ਦੁਬਾਰਾ ਮਿਲਣ ਦੀ ਖੁਸ਼ੀ ਦੀ ਕਲਪਨਾ ਕਰ ਸਕਦਾ ਹਾਂ)।

ਸ਼ਹਿਰ ਵਿਚ ਘੁੰਮਦਿਆਂ ਨਵੇਂ ਮਸੀਹੀਆਂ ਨੂੰ ਮਜ਼ਬੂਤ ਕਰਦਿਆਂ (ਵੇਖੋ 18:23), ਪੌਲੁਸ ਨੇ ''ਕਈ ਚੇਲਿਆਂ ਨੂੰ ਲੱਭਿਆ'' (19:2ੳ)। ਜੋ ''ਬਾਰਾਂ ਕੁ ਪੁਰਖ ਸਨ'' (ਆਇਤ 7)।[3] ''ਲੱਭਿਆ'' ਸ਼ਬਦ ਦਾ ਕੀ ਮਹੱਤਵ ਹੈ? ਭਲਾ ਇਹਦਾ ਮਤਲਬ ਇਹ ਹੈ ਕਿ ਪੌਲੁਸ ਨੂੰ ਉਨ੍ਹਾਂ ਬਾਰੇ ਦੱਸਿਆ ਗਿਆ ਸੀ ਅਤੇ ਉਹ ਉਨ੍ਹਾਂ ਨੂੰ ਮਿਲਣਾ ਚਾਹ ਰਿਹਾ ਸੀ,[4] ਜਾਂ ਇਹਦਾ ਐਨਾ ਹੀ ਮਤਲਬ ਹੈ ਕਿ ਖ਼ੁਦਾ ਦੇ ਇੰਤਜ਼ਾਮ ਮੁਤਾਬਕ ਪੌਲੁਸ ਦੀ ਉਨ੍ਹਾਂ ਨਾਲ ਮੁਲਾਕਾਤ ਹੋ ਗਈ? ਮੈਂ ਦੂਜੀ ਗੱਲ ਦੇ ਪੱਖ ਵਿਚ ਹਾਂ, ਪਰ ਅਹਿਮ ਗੱਲ ਇਹ ਹੈ ਕਿ ਪੌਲੁਸ ਨੇ ਉਨ੍ਹਾਂ ਨਾਲ ਸੰਪਰਕ *ਕੀਤਾ* ਸੀ।

ਭਲਾ ਇਹ ਲੋਕ ਪਹਿਲਾਂ ਤੋਂ ਹੀ ਮਸੀਹੀ ਸਨ? ਆਮ ਤੌਰ ਤੇ ਅਸੀਂ ਮੰਨ ਲੈਂਦੇ ਹਾਂ ਕਿ ਉਹ ਪਹਿਲਾਂ ਹੀ ਮਸੀਹੀ ਸਨ। ਲੂਕਾ ਯਿਸੂ ਦੇ ਪੈਰੋਕਾਰਾਂ ਲਈ ਆਮ ਤੌਰ ਤੇ ''ਚੇਲਾ'' ਸ਼ਬਦ ਦੀ ਵਰਤੋਂ ਕਰਦਾ ਸੀ (11:26; ਆਦਿ)। ਪਰ ਇੱਥੇ ਸਾਨੂੰ ਇਨ੍ਹਾਂ ਬਾਰਾਂ ਬੰਦਿਆਂ ਨੂੰ ਮਸੀਹੀ ਕਹਿਣ ਵਿਚ ਮੁਸ਼ਕਲ ਆ ਸਕਦੀ ਹੈ। ਜਦ ਪੌਲੁਸ ਨੇ ਉਨ੍ਹਾਂ ਨੂੰ ਕਿਹਾ, ''ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?'' ਤਾਂ ਉਨ੍ਹਾਂ ਦਾ ਜਵਾਬ ਸੀ, ''ਨਹੀਂ'' (19:2)। ਨਵਾਂ ਨੇਮ ਆਤਮਾ ਪਾਉਣ ਦੇ ਬਗੈਰ ਕਿਸੇ ਦੇ ਮਸੀਹੀ ਹੋਣ ਦੀ ਸੰਭਾਵਨਾ ਦੀ ਜਾਣਕਾਰੀ ਨਹੀਂ ਦਿੰਦਾ (ਰਸੂਲਾਂ ਦੇ ਕੰਮ 2:38; ਰੋਮੀਆਂ 8:9; ਤੀਤੁਸ 3:5; ਇਬਰਾਨੀਆਂ 6:4; 1 ਯੂਹੰਨਾ 3:24; 4:13), ਇਸ ਹਾਲਤ ਵਿਚ ਇਨ੍ਹਾਂ ਲੋਕਾਂ ਨੂੰ ਮਸੀਹੀ ਕਿਵੇਂ ਕਿਹਾ ਜਾ ਸਕਦਾ ਹੈ।

ਸ਼ਾਇਦ ਲੂਕਾ ਨੇ ਇਹ ਦੱਸੇ ਬਗੈਰ ਕਿ ਉਹ ਕਿਹਦੇ ਪੈਰੋਕਾਰ ਸਨ ''ਚੇਲੇ'' ਸ਼ਬਦ ਦੀ ਵਰਤੋਂ ''ਸ਼ਗਿਰਦਾਂ ਅਤੇ ਪੈਰੋਕਾਰਾਂ'' ਦੇ ਸਧਾਰਣ ਅਰਥਾਂ ਵਿਚ ਕੀਤੀ। ਇਹ ਵੀ ਹੋ ਸਕਦਾ ਹੈ ਕਿ ਯੂਨਾਨੀ ਸ਼ਬਦ ਦੇ ਅਨੁਵਾਦ ''ਕਈ'' ਤੋਂ ਸੰਕੇਤ ਮਿਲਦਾ ਹੈ ਕਿ ਲੂਕਾ ਇਸ ਦੀ ਵਰਤੋਂ ਹੋਰ ਅਸਾਨ ਢੰਗ ਨਾਲ ਕਰਨਾ ਚਾਹ ਰਿਹਾ ਸੀ। ਬਹੁਤ ਸਾਰੇ ਸ਼ੁਰੂਆਤੀ ਮਸੀਹੀਆਂ ਨੂੰ ਲਗਦਾ ਸੀ ਕਿ ਉਹ ਬਾਰਾਂ ਜਣੇ ਯਿਸੂ ਦੇ ਨਹੀਂ ਸਗੋਂ ਯੂਹੰਨਾ ਦੇ ਚੇਲੇ ਸਨ।[5] ''ਚੇਲਾ'' ਸ਼ਬਦ ਦੀਆਂ ਹੋਰ ਵਿਆਖਿਆਵਾਂ ਵੀ ਹੋ ਸਕਦੀਆਂ ਹਨ। ਇਕ ਟੀਕਾਕਾਰ ਨੇ ਇਹ ਸੁਝਾਅ ਦਿੱਤਾ ਹੈ ਕਿ ''ਇਸ ਆਇਤ ਦੀ ਸਹੀ ਵਿਆਖਿਆ ਇਹ ਹੈ ਕਿ ਲੂਕਾ ਨੇ ਇਹ ਕਹਾਣੀ ਮੁੱਖ ਨਾਇਕ ਦੇ ਨਜ਼ਰੀਏ ਤੋਂ ਦੱਸੀ ਹੈ। ਪੌਲੁਸ ਕੁਝ ਅਜਿਹੇ ਲੋਕਾਂ ਨੂੰ ਮਿਲਿਆ ਜਿਹੜੇ ਉਸਨੂੰ ਲੱਗਾ ਕਿ ਚੇਲੇ ਹਨ।''[6] ਮੇਰਾ ਆਪਣਾ ਮੰਨਣਾ ਹੈ ਕਿ ਪੌਲੁਸ ਨੇ ਇਹ ਮੰਨ ਕੇ ਕਿ ਇਹ ਬਾਰਾਂ ਆਦਮੀ ਮਸੀਹੀ ਹਨ ਇਸੇ ਅਧਾਰ ਤੇ ਉਨ੍ਹਾਂ ਤੋਂ ਸਵਾਲ ਕੀਤੇ।[7]

ਇਨ੍ਹਾਂ ਲੋਕਾਂ ਦੇ ਪੌਲੁਸ ਨੂੰ ਮਿਲਣ ਤੇ, ਉਹਨੇ ਉਨ੍ਹਾਂ ਤੋਂ ਪੁੱਛਿਆ ਸੀ ਕਿ , ''ਜਦ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?'' (19:2ੳ)। ''ਨਿਹਚਾ'' ਸ਼ਬਦ ਦੀ ਵਰਤੋਂ ਪ੍ਰਭੂ ਦੀ ਗੱਲ ਮੰਨਣ ਦੇ ਵਿਆਪਕ ਅਰਥ ਵਿਚ ਕੀਤੀ ਗਈ, ਜਿਸ ਵਿਚ ਬਪਤਿਸਮਾ ਵੀ ਸ਼ਾਮਿਲ ਹੈ (ਆਇਤ 3)। ਪੌਲੁਸ ਉਨ੍ਹਾਂ ਤੋਂ ਇਹ ਨਹੀਂ ਪੁੱਛ ਰਿਹਾ ਸੀ ਕਿ ਬਪਤਿਸਮਾ ਲੈਣ ਵੇਲੇ ਆਤਮਾ ਦਾ ਗੈਰ ਚਮਤਕਾਰੀ ''ਸਧਾਰਣ ਦਾਨ'' ਮਿਲਿਆ ਸੀ ਜਾਂ ਨਹੀਂ।[8] ਪਵਿੱਤਰ ਆਤਮਾ ਤਾਂ ਹਰ ਉਸ ਸ਼ਖ਼ਸ ਨੂੰ ਮਿਲਦਾ ਹੈ ਜਿਹਦਾ ਲਿਖਤ ਮੁਤਾਬਕ ਬਪਤਿਸਮਾ ਹੋਇਆ ਹੋਵੇ।[9] ਅਗਲੀਆਂ ਆਇਤਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਮਿਲਣ

ਤੇ ਪੌਲੁਸ ਦਾ ਇਰਾਦਾ ਜੇ ਉਨ੍ਹਾਂ ਕੋਲ ਪਹਿਲਾਂ ਤੋਂ ਅਜਿਹੇ ਦਾਨ ਦਾ ਨਹੀਂ ਸੀ ਤਾਂ ਉਨ੍ਹਾਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਮੋਅਜਜ਼ੇ ਕਰਨ ਦਾ ਦਾਨ ਦੇਣ ਦਾ ਸੀ (ਆਇਤ 6)। ਇਸ ਤਰ੍ਹਾਂ ਇਹ ਰਸੂਲ ਅਸਲ 'ਚ ਪੁੱਛ ਰਿਹਾ ਸੀ ਕਿ ''ਮਸੀਹੀ ਬਣਨ ਵੇਲੇ ਤੁਹਾਨੂੰ ਪਵਿੱਤਰ ਆਤਮਾ ਦਾ *ਮੋਅਜਜ਼ੇ ਕਰਨ ਦਾ ਦਾਨ* ਮਿਲਿਆ ਸੀ?''

ਉਨ੍ਹਾਂ ਦਾ ਜਵਾਬ ਸੁਣ ਕੇ ਕਿ ''ਅਸਾਂ ਤਾਂ ਇਹ ਸੁਣਿਆ ਵੀ ਨਹੀਂ ਕਿ ਪਵਿੱਤਰ ਆਤਮਾ ਹੈ'' (ਆਇਤ 2ਅ) ਪੌਲੁਸ ਦੰਗ ਰਹਿ ਗਿਆ। ਮੈਂ ਪੌਲੁਸ ਦੇ ਦਿਮਾਗ਼ ਵਿਚ ਵੱਜਦੀਆਂ ਘੰਟੀਆਂ ਸੁਣ ਸਕਦਾ ਹਾਂ। ਹੁਣ ਉਹਨੂੰ ਪਤਾ ਲੱਗ ਗਿਆ (ਜੇ ਪਹਿਲਾਂ ਨਹੀਂ ਲੱਗਾ ਸੀ) ਕਿ ਉਨ੍ਹਾਂ ਦੇ ਬਪਤਿਸਮੇ ਵਿਚ ਕੁਝ ਗੜਬੜ ਹੈ, ਕਿਉਂਕਿ ਯਿਸੂ ਦੇ ਗ੍ਰੇਟ ਕਮਿਸ਼ਨ ਵਾਲੇ ਬਪਤਿਸਮੇ ਦੇ ਪਵਿੱਤਰ ਆਤਮਾ ਨਾਲ ਕਈ ਸਬੰਧ ਹਨ। ਮਸੀਹੀ ਬਪਤਿਸਮਾ ਪਿਤਾ, ਪੁੱਤਰ ਅਤੇ *ਪਵਿੱਤਰ ਆਤਮਾ* ਦੇ ਨਾਂਅ ਵਿਚ ਦਿੱਤਾ ਜਾਂਦਾ ਹੈ (ਮੱਤੀ 28:19)। ਇਸ ਬਪਤਿਸਮੇ ਨਾਲ ਚੁਣਿੰਦਾ ਬਰਕਤਾਂ ਵਿੱਚੋਂ ਦਾਨ ਦੇ ਰੂਪ ਵਿਚ ਆਤਮਾ ਦਾ ਦਾਨ ਮਿਲਣਾ ਹੈ (ਰਸੂਲਾਂ ਦੇ ਕੰਮ 2:38)। ਇਸੇ ਕਰਕੇ ਬਪਤਿਸਮਾਂ ਲੈਣ ਨੂੰ ''ਜਲ ਅਤੇ ਆਤਮਾ ਨਾਲ ਜਨਮ'' ਲੈਣਾ ਕਿਹਾ ਜਾਂਦਾ ਹੈ (ਯੂਹੰਨਾ 3:5)।[10]

ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਭਾਵੇਂ ''ਅਸਾਂ ਤਾਂ ਪਵਿੱਤਰ ਆਤਮਾ ਬਾਰੇ ਸੁਣਿਆ ਵੀ ਨਹੀਂ'' ਬਿਲਕੁਲ ਸਹੀ ਅਨੁਵਾਦ ਹੋ ਸਕਦਾ ਹੈ, ਪਰ ਇਸ ਨਾਲ ਉਹ ਅਰਥ ਨਹੀਂ ਮਿਲਦਾ ਜੋ ਉਸ ਸੰਦਰਭ ਵਿਚ ਮਿਲਣਾ ਚਾਹੀਦਾ ਹੈ। ਇੱਥੋਂ ਤਕ ਕਿ ਜੇ ਉਨ੍ਹਾਂ ਬਾਰਾਂ ਜਣਿਆਂ ਨੂੰ ਸਿਰਫ਼ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸਿੱਖਿਆ ਦਾ ਹੀ ਪਤਾ ਸੀ ਤਾਂ ਉਨ੍ਹਾਂ ਨੂੰ ਪਵਿੱਤਰ ਆਤਮਾ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਸੀ (ਮੱਤੀ 3:11)।[11] ਇਸ ਸੰਦਰਭ ਵਿਚ ਇਹਦਾ ਜਵਾਬ ਇਹੀ ਹੈ ਕਿ ਜੇ ਪਵਿੱਤਰ ਆਤਮਾ *ਆ* ਚੁੱਕਿਆ ਸੀ ਤਾਂ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ। ਰਸੂਲਾਂ ਦੇ ਕੰਮ 19 ਅਧਿਆਇ ਵਾਲੇ ਯੂਨਾਨੀ ਸ਼ਬਦ ਦੇ ਅਨੁਵਾਦ ''ਸੁਣਿਆ ਵੀ ਨਹੀਂ'' ਯੂਹੰਨਾ 7:39 ਵਿਚ ਆਤਮਾ ਦੇ ਆਉਣ ਦਾ ਸਬੰਧ ਮਿਲਦਾ ਹੈ, ਅਤੇ ਉੱਥੇ ਇਹਦਾ ਅਨੁਵਾਦ ''ਦਿੱਤਾ ਗਿਆ'' ਹੈ।[12] ASV (NASB ਤੋਂ ਪਹਿਲਾਂ ਦੇ ਅਨੁਵਾਦ) ਵਿਚ ਰਸੂਲਾਂ ਦੇ ਕੰਮ 19 ਅਧਿਆਇ ਵਿਚ ਉਨ੍ਹਾਂ ਆਦਮੀਆਂ ਦੇ ਸ਼ਬਦਾਂ ਦਾ ਅਨੁਵਾਦ ਇਹ ਹੈ, ''ਨਹੀਂ, ਅਸੀਂ ਤਾਂ ਸੁਣਿਆਂ ਵੀ ਨਹੀਂ ਕਿ ਪਵਿੱਤਰ ਆਤਮਾ *ਦਿੱਤਾ* ਗਿਆ ਸੀ।''

ਪੌਲੁਸ ਨੇ ਇਹ ਜਾਣਦਿਆਂ ਕਿ ਉਨ੍ਹਾਂ ਦੇ ਬਪਤਿਸਮੇ ਵਿਚ ਕੁਝ ਕਮੀ ਸੀ, ਉਨ੍ਹਾਂ ਤੋਂ ਪੁੱਛਿਆ, ''ਫਿਰ ਤੁਸਾਂ ਕਾਹਦਾ[13] ਬਪਤਿਸਮਾ ਲਿਆ?'' (19:3ੳ),[14] ਅਤੇ ਉਨ੍ਹਾਂ ਨੇ ਜਵਾਬ ਦਿੱਤਾ, ''ਯੂਹੰਨਾ ਦਾ ਬਪਤਿਸਮਾ'' (19:3ਅ)। ਇਨ੍ਹਾਂ ਨੂੰ ਇਹ ਕਿਵੇਂ ਪਤਾ ਲੱਗਾ ਕਿ ਉਨ੍ਹਾਂ ਨੇ ਯੂਹੰਨਾ ਦਾ ਬਪਤਿਸਮਾ ਲਿਆ ਸੀ? ਇਸ ਸੰਦਰਭ ਵਿਚ ਦਿੱਤੇ ਗਏ ਕੁਝ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਅਪੁੱਲੋਸ ਰਾਹੀਂ ਸਿਖਾਇਆ ਗਿਆ ਸੀ ਅਤੇ ਬਪਤਿਸਮਾ ਦਿੱਤਾ ਗਿਆ ਸੀ। ਲੂਕਾ ਨੇ ਹਾਜ਼ਰ ਜਵਾਬ ਪ੍ਰਚਾਰਕ ਅਪੁੱਲੋਸ ਨਾਲ ਇਸ ਕਹਾਣੀ ਦੀ ਨੇੜਤਾ ਜੋ ''ਨਿਰਾ ਯੂਹੰਨਾ ਦਾ ਬਪਤਿਸਮਾ ਜਾਣਦਾ ਸੀ'' (18:25) ਬਾਰਾਂ ਬੰਦਿਆਂ ਦੀ ਜਾਣ ਪਛਾਣ ਕਰਾਉਂਦਿਆਂ ਅਪੁੱਲੋਸ ਬਾਰੇ ਦੱਸਣਾ ਸਹੀ ਸਮਝਿਆ (19:1)। ਹੋਰ ਵੀ ਗੱਲਾਂ ਹੋ ਸਕਦੀਆਂ ਹਨ,[15] ਪਰ ਇਹ ਸਭ ਤੋਂ ਵੱਧ ਮੁਮਕਿਨ ਲਗਦਾ ਹੈ। ਸੰਯੋਗ ਨਾਲ ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਅਪੁੱਲੋਸ ਦਾ ਬਪਤਿਸਮਾ ਪੈਂਟੀਕਾਸਟ ਵਾਲੇ ਦਿਨ (ਰਸੂਲਾਂ ਦੇ

ਕੰਮ 2) ਤੋਂ *ਪਹਿਲਾਂ* ਯੂਹੰਨਾ ਦੇ ਬਪਤਿਸਮੇ ਮੁਤਾਬਕ ਹੋਇਆ ਸੀ, ਪਰ ਜਿਨ੍ਹਾਂ ਨੂੰ ਉਹਨੇ ਸਿਖਾਇਆ ਉਨ੍ਹਾਂ ਦਾ ਬਪਤਿਸਮਾ ਪੈਂਟੀਕਾਸਟ ਵਾਲੇ ਦਿਨ ਦੇ *ਬਾਅਦ* ਯੂਹੰਨਾ ਦੇ ਬਪਤਿਸਮੇ ਮੁਤਾਬਕ ਹੋਇਆ ਸੀ।[16] ਜੇ. ਡਬਲਯੂ. ਮੈਕਗਰਵੇ ਨੇ ਲਿਖਿਆ ਹੈ:

> [ਇਨ੍ਹਾਂ ਲੋਕਾਂ ਦੇ ਦੁਬਾਰਾ ਬਪਤਿਸਮਾ] ਦਾ ਬੇਹੱਦ ਸੰਭਵ ਅਤੇ ਤੱਥਾਂ ਨਾਲ ਮੇਲ ਖਾਣ ਵਾਲਾ ਇੱਕੋ ਇਕ ਜਵਾਬ ਇਹ ਹੈ ਕਿ ਉਨ੍ਹਾਂ ਦਾ ਬਪਤਿਸਮਾ ਅਪੁੱਲੋਸ ਜਾਂ ਕਿਸੇ ਹੋਰ ਨੇ ਸਿਖਾ ਕੇ ਨਹੀਂ ਕੀਤਾ ਸੀ, ਕਿਉਂਕਿ ਯੂਹੰਨਾ ਦਾ ਬਪਤਿਸਮਾ ਹੁਣ ਮੰਨਣ ਯੋਗ ਹੁਕਮ ਨਹੀਂ ਰਹਿ ਗਿਆ ਸੀ।[17]

ਰਿਚਰਡ ਓਸਟਡ ਦੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ ''ਇਹ ਬਾਰਾਂ ਚੇਲੇ ਪੈਂਟੀਕਾਸਟ ਦੇ ਵਿਸ਼ਵਾਸੀ ਸਨ ਜਿਨ੍ਹਾਂ ਕੋਲ ਪੈਂਟੀਕਾਸਟ ਤੋਂ ਪਹਿਲਾਂ ਦੀ ਹਦਾਇਤ ਸੀ।''[18] ਮੈਂ ਇਕ ਵਾਰ ਪੁਰਾਣਾ ਨਕਸ਼ਾ ਲੈ ਕੇ ਕਿਤੇ ਚਲਾ ਗਿਆ ਅਤੇ ਰਾਹ ਭਟਕ ਗਿਆ।[19] ਨਕਸ਼ੇ ਦਾ ਕੋਈ ਕਸੂਰ ਨਹੀਂ ਸੀ; ਜਦੋਂ ਇਹ ਬਣਾਇਆ ਗਿਆ ਸੀ, ਉਦੋਂ ਤਾਂ ਇਹ ਸਹੀ ਹੀ ਸੀ। ਮੁਸ਼ਕਿਲ ਇਹ ਸੀ ਕਿ ਹੁਣ ਇਹ ਨਕਸ਼ਾ ਪੁਰਾਣਾ ਹੋ ਚੁੱਕਾ ਸੀ ਅਤੇ ਹੁਣ ਇਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ ਸੀ। ਆਪਣੇ ਧਾਰਮਿਕ ਸਫ਼ਰ ਵਿਚ ਇਹ ਬਾਰਾਂ ਚੇਲੇ ਪੁਰਾਣੇ ਪੈ ਚੁੱਕੇ ਰੂਹਾਨੀ ਨਕਸ਼ੇ ਨੂੰ ਵੇਖ ਕੇ ਚੱਲ ਰਹੇ ਸਨ।

## ਅਧੂਰੀ ਸਮਝ ਵਿਚ ਵਾਧਾ ਹੋਇਆ

ਇਨ੍ਹਾਂ ਲੋਕਾਂ ਦਾ ਗਿਆਨ ਅਧੂਰਾ ਸੀ ਇਸ ਲਈ ਪਹਿਲੀ ਜ਼ਰੂਰਤ ਇਨ੍ਹਾਂ ਦੇ ਗਿਆਨ ਵਿਚ ਵਾਧਾ ਕਰਨਾ ਸੀ। ਇਸ ਲਈ ਪੌਲੁਸ ਨੇ ਉਨ੍ਹਾਂ ਨੂੰ ਸਮਝਾਇਆ ਕਿ[20] ''ਯੂਹੰਨਾ[21] ਤੌਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ ਜੋ ਮੇਰੇ ਪਿੱਛੇ ਆਉਣ ਵਾਲਾ ਹੈ ਅਰਥਾਤ ਯਿਸੂ ਉੱਤੇ ਨਿਹਚਾ ਕਰੋ'' (19:4)। ਰਸੂਲਾਂ ਦੇ ਕੰਮ ਦੀ ਪੂਰੀ ਕਿਤਾਬ ਵਿਚ ਲੂਕਾ ਨੇ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਉਪਦੇਸ਼ਾਂ ਨੂੰ ਸੰਖੇਪ ਵਿਚ ਦਿੱਤਾ ਹੈ ਪਰ ਇਨ੍ਹਾਂ ਬਾਰਾਂ ਨੂੰ ਲੂਕਾ ਦੇ ਵਿਹਾਰ ਨੂੰ ''ਸੰਖੇਪ'' ਕਹਿਣਾ ਕਾਫ਼ੀ ਨਹੀਂ ਹੈ। ਇੱਥੇ ਲੂਕਾ ਨੇ ਇਕ ਵਾਰ ਫੇਰ ਪੱਕਾ ਅਹਿਦ ਕੀਤਾ। ਯੂਹੰਨਾ ਦੇ ਬਪਤਿਸਮੇ ਨਾਲ ਪੌਲੁਸ ਨੇ ਗੱਲ ਅੱਗੇ ਤੋਰੀ ਹੋਵੇਗੀ। ਫਿਰ ਉਹਨੇ ਉਨ੍ਹਾਂ ਨੂੰ ਉਹ ਸਭ ਗੱਲਾ ਯੂਹੰਨਾ ਦੇ ਬਾਅਦ ਹੋਈਆਂ ਸਨ, ਭਾਵ ਯਿਸੂ, ਉਹਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ, ਅਤੇ ਉਹਦੇ ਸਵਰਗ ਤੇ ਉਠਾਏ ਜਾਣ, ਅਤੇ ਆਤਮਾ ਨੂੰ ਭੇਜਣ, ਯਿਸੂ ਦੀ ਕਲੀਸੀਆ ਕਾਇਮ ਹੋਣ ਉਹਦੇ ਸੰਗਠਨ ਅਤੇ ਫੈਲਣ ਬਾਰੇ ਦੱਸਿਆ। ਉਨ੍ਹਾਂ ਬਾਰਾਂ ਚੇਲਿਆਂ ਵੱਲੋਂ ਉਹਦੀ ਗੱਲ ਮੰਨਣ (ਆਇਤ 5) ਨਾਲ ਇਹ ਵੀ ਪਤਾ ਲਗਦਾ ਹੈ ਕਿ ਪੌਲੁਸ ਨੇ ਬੜੀ ਹੁਸ਼ਿਆਰੀ ਨਾਲ ਉਨ੍ਹਾਂ ਦੇ ਬਪਤਿਮਸੇ ਨਾਲ ਯਿਸੂ ਦੇ ਨਾਂਅ ਨਾਲ ਦਿੱਤੇ ਜਾਣ ਵਾਲੇ ਬਪਤਿਸਮੇ ਦੀ ਤੁਲਨਾ ਕੀਤੀ ਹੋਵੇਗੀ।

ਅੱਜ ਪੌਲੁਸ ਦਾ ਸਵਾਲ ''ਜਦ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?'' ਕ੍ਰਿਸ਼ਮਈ ਲੋਕਾਂ ਦਾ ਪਸੰਦੀਦਾ ਸਵਾਲ ਹੈ। ਉਹ ਇਸ ਸਵਾਲ ਦੀ ਵਰਤੋਂ ਪਵਿੱਤਰ ਆਤਮਾ ਦੇ ਪ੍ਰਚਾਰ ਲਈ ਸਪ੍ਰਿੰਗ ਬੋਰਡ (ਉਹ ਤਖ਼ਤਾ ਜਿਸ ਉੱਤੋਂ ਦੀ ਗੋਤਾਖੋਰ ਗੋਤਾ ਲਾਉਣ ਲਈ ਛਾਲ ਮਾਰਦੇ ਹਨ) ਦੇ ਤੌਰ ਤੇ ਕਰਦੇ ਹਨ।[22] ਪਰ ਪੌਲੁਸ ਨੇ ਪਵਿੱਤਰ ਆਤਮਾ ਦਾ ਉਪਦੇਸ਼ ਦੇਣ ਦੇ ਬਾਅਦ ਸਵਾਲ ਹੀ ਨਹੀਂ ਕੀਤਾ ਸਗੋਂ *ਯਿਸੂ* ਬਾਰੇ ਦੱਸਿਆ ਵੀ

ਸੀ। ਪਵਿੱਤਰ ਆਤਮਾ ਵਡਿਆਈ ਦੁਆਉਣ ਲਈ ਨਹੀਂ ਸਗੋਂ ਯਿਸੂ ਦੀ ਵਡਿਆਈ ਕਰਨ ਲਈ ਆਇਆ ਸੀ (ਯੂਹੰਨਾ 16:14)। ਯੂਹੰਨਾ ਰਸੂਲ ਮੁਤਾਬਕ ਆਪਣੀਆਂ ਜ਼ਿੰਦਗੀਆਂ ਵਿਚ ਆਤਮਾ ਦੀ ਮੌਜੂਦਗੀ ਨੂੰ ਸਰੀਰ ਨੂੰ ਵਿੰਗਾ ਟੇਢਾ ਕਰਕੇ ਜਾਂ ਅਬਾ ਤਬਾ ਬੋਲ ਕੇ ਨਹੀਂ ਸਗੋਂ ਇਹ ਮੰਨ ਕੇ ਵਿਖਾਇਆ ਜਾਂਦਾ ਹੈ, ''ਯਿਸੂ ਮਸੀਹ ਦੇਹਧਾਰੀ ਹੋ ਕੇ ਆਇਆ'' (1 ਯੂਹੰਨਾ 4:2)।

**ਅਧੂਰੇ ਹੁਕਮ ਮੰਨਣ ਵਿਚ ਸੁਧਾਰ**

ਪੌਲੁਸ ਵੱਲੋਂ ਆਪਣੀ ਗੱਲ ਪੂਰੀ ਕਰਨ ਦੇ ਬਾਅਦ ਇਨ੍ਹਾਂ ਬਾਰਾਂ ਨੇ ਆਪਣੇ ਆਪਣੇ ਤਰੀਕੇ ਨਾਲ ਜਵਾਬ ਦਿੱਤੇ ਹੋਣਗੇ। ਰਸੂਲ ਦੀ ਇਹ ਗੱਲ ਸੁਣਕੇ ਕਿ ਉਨ੍ਹਾਂ ਦਾ ਬਪਤਿਸਮਾ ਖ਼ੁਦਾ ਨੂੰ ਮੰਜ਼ੂਰ ਨਹੀਂ ਹੈ, ਉਹ ਗੁੱਸੇ ਵਿਚ ਆ ਗਏ ਹੋਣਗੇ। ਜੇ ਉਹ ਅੱਜ ਦੇ ਕੁਝ ਲੋਕਾਂ ਵਾਂਗ ਹੁੰਦੇ ਤਾਂ ਉਨ੍ਹਾਂ ਕਹਿਣਾ ਸੀ, ''ਪਰ ਬਪਤਿਸਮਾ ਤਾਂ ਸਿਰਫ਼ ਇਕ ਰਸਮ ਲਈ ਹੈ ਅਤੇ ਯਕੀਨਨ ਹੀ ਸਾਨੂੰ ਇਸ ਬਾਰੇ ਫ਼ਿਕਰ ਕਰਨ ਦੀ ਲੋੜ ਨਹੀਂ। ਬਪਤਿਸਮਾ ਕਿਵੇਂ ਵੀ ਹੋਵੇ, ਬਪਤਿਸਮਾ ਤਾਂ ਬਪਤਿਸਮਾ ਹੀ ਹੈ।'' ਉਨ੍ਹਾਂ ਦੇ ਜਵਾਬ ਤੋਂ ਉਨ੍ਹਾਂ ਦੀ ਈਮਾਨਦਾਰੀ ਦਾ ਪਤਾ ਲੱਗ ਗਿਆ। ਪੌਲੁਸ ਦੀ ਸਿੱਖਿਆ ਤੋਂ ਇਹ ਪਤਾ ਲੱਗਾ ਸੀ ਕਿ ਨਾ ਸਿਰਫ਼ ਉਨ੍ਹਾਂ ਦਾ ਗਿਆਨ ਅਧੂਰਾ ਹੈ ਸਗੋਂ ਉਨ੍ਹਾਂ ਵੱਲੋਂ ਮੰਨਿਆ ਗਿਆ ਹੁਕਮ ਵੀ ਕਾਫ਼ੀ ਨਹੀਂ ਸੀ। ਬਗੈਰ ਕਿਸੇ ਝਿਜਕ ਦੇ ''ਉਨ੍ਹਾਂ ਨੇ ਪ੍ਰਭੂ ਯਿਸੂ ਦੇ ਨਾਮ ਵਿਚ ਬਪਤਿਸਮਾ ਲਿਆ'' (ਰਸੂਲਾਂ ਦੇ ਕੰਮ 19:5)।

ਇਨ੍ਹਾਂ ਲੋਕਾਂ ਦੇ ਬਪਤਿਸਮੇ ਬਾਰੇ ਪੜ੍ਹ ਕੇ ਸਾਡੇ ਦਿਮਾਗ ਵਿਚ ਸਵਾਲਾਂ ਦਾ ਸੈਲਾਬ ਆ ਜਾਂਦਾ ਹੈ। ਉਨ੍ਹਾਂ ਲਈ ਦੁਬਾਰਾ ਬਪਤਿਸਮਾ ਲੈਣਾ ਕਿਉਂ ਜ਼ਰੂਰੀ ਸੀ? ਯੂਹੰਨਾ ਦਾ ਬਪਤਿਸਮਾ ਯਿਸੂ ਦੇ ਨਾਂਅ ਵਿਚ ਦਿੱਤੇ ਜਾਣ ਵਾਲੇ ਬਪਤਿਸਮੇ ਨਾਲੋਂ ਫ਼ਰਕ ਕਿਵੇਂ ਸੀ?[23] ਯੂਹੰਨਾ ਦਾ ਬਪਤਿਸਮਾ ਨਾਮੰਜ਼ੂਰ ਕਿਉਂ ਹੋ ਗਿਆ ਸੀ? ਦੂਜੇ ਸਵਾਲ ਵਿਚ ਸਵਾਲਾਂ ਦੀ ਗੁੱਥੀ ਹੈ: ਯੂਹੰਨਾ ਦਾ ਬਪਤਿਸਮਾ ਪੌਲੁਸ ਵੱਲੋਂ ਦਿੱਤੇ ਜਾਣ ਵਾਲੇ ਬਪਤਿਸਮੇ ਨਾਲੋਂ ਫ਼ਰਕ ਕਿਵੇਂ ਸੀ?

ਬਹੁਤ ਸਾਰੇ ਟੀਕਾਕਾਰ ''ਇਨ੍ਹਾਂ ਦੋ ਬਪਤਿਸਮਿਆਂ ਵਿਚ ਫ਼ਰਕ'' ਵਰਗੇ ਸ਼ਬਦਾਂ ਦੀ ਵਰਤੋਂ ਕਰਕੇ ਇਹੋ ਜਿਹੇ ਫ਼ਰਕ ਦੱਸਦੇ ਹਨ ਜੋ ਉਨ੍ਹਾਂ ਨੂੰ ਲੱਗਦਾ ਹੈ ਕਿ ਬੜਾ ਅਹਿਮ ਹੈ। ਪਰ ਕਈ ਫ਼ਰਕ ਸਾਫ਼ ਹਨ ਅਤੇ ਉਨ੍ਹਾਂ ਦਾ ਪਤਾ ਲੱਗ ਜਾਂਦਾ ਹੈ। (ਅਗਲੇ ਸਫ਼ਾ 115 ਤੇ ਚਾਰਟ ਵੇਖੋ)। ਆਓ ਪਵਿੱਤਰ ਆਤਮਾ ਬਾਰੇ ਪੌਲੁਸ ਦੇ ਸਵਾਲ ਨਾਲ ਹੀ ਸ਼ੁਰੂ ਕਰਦੇ ਹਾਂ (ਆਇਤ 2): ਯੂਹੰਨਾ ਦੇ ਬਪਤਿਸਮੇ ਵਿਚ ਪਵਿੱਤਰ ਆਤਮਾ ਦਾ ਕੋਈ ਵਾਅਦਾ ਨਹੀਂ ਸੀ ਜਦ ਕਿ ਗ੍ਰੇਟ ਕਮਿਸ਼ਨ ਭਾਵ ਯਿਸੂ ਦੇ ਆਖ਼ਰੀ ਹੁਕਮ ਵਾਲੇ ਬਪਤਿਸਮੇ ਵਿਚ ਇਹ ਵਾਅਦਾ ਸੀ (ਰਸੂਲਾਂ ਦੇ ਕੰਮ 2:38)।

ਫੇਰ ਪੌਲੁਸ ਨੇ ਯੂਹੰਨਾ ਦੇ ਬਪਤਿਸਮੇ ਨੂੰ ''ਤੌਬਾ ਦਾ ਬਪਤਿਸਮਾ'' ਕਿਹਾ (19:4); ਦੂਜੇ ਸ਼ਬਦਾਂ ਵਿਚ ਇਸ ਤੋਂ ਤੌਬਾ ਦਾ ਪਤਾ ਲਗਦਾ ਸੀ। ਦੂਜੇ ਪਾਸੇ ਮਸੀਹੀ ਬਪਤਿਸਮੇ ਨੂੰ ''ਨਿਹਚਾ ਦਾ ਬਪਤਿਸਮਾ'' ਕਹਿਣਾ ਬੇਹਤਰ ਹੋਵੇਗਾ। ਜਿਸ ਵਿਚ ਨਿਹਚਾ ਜਾਂ ਵਿਸ਼ਵਾਸ ਦਾ ਖ਼ਾਸ ਕਰਕੇ ਯਿਸੂ ਦੀ ਮੌਤ, ਉਹਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਸਾਡੇ ਵਿਸ਼ਵਾਸ ਦਾ ਪਤਾ ਲਗਦਾ ਹੈ (ਰੋਮੀਆਂ 6:3, 4)। ਯੂਹੰਨਾ ਦਾ ਬਪਤਿਸਮਾ ਲੈਣ ਵੇਲੇ ਲੋਕਾਂ ਨੇ ਆਪਣੇ ਪਾਪਾਂ ਨੂੰ ਮੰਨਿਆ ਸੀ (ਮਰਕੁਸ 1:5) ਜਦਕਿ ਯਿਸੂ ਦਾ ਬਪਤਿਸਮਾ ਲੈਣ ਤੋਂ ਪਹਿਲਾਂ ਉਹ ਯਿਸੂ ਵਿਚ *ਆਪਣੇ ਈਮਾਨ* ਦਾ ਇਕਰਾਰ ਕਰਦੇ ਹਨ (ਰਸੂਲਾਂ ਦੇ ਕੰਮ 8:37[24])।

ਹੋ ਸਕਦਾ ਹੈ ਕਿ ਪੌਲੁਸ ਦੀ ਗੱਲ ਵਿਚ ਸਭ ਤੋਂ ਅਹਿਮ ਫ਼ਰਕ ਇਹ ਹੋਵੇ ਕਿ ''ਯੂਹੰਨਾ ਤੌਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ *ਜੋ ਮੇਰੇ ਪਿੱਛੇ ਆਉਣ ਵਾਲਾ ਹੈ*...'' (19:4)। ਯੂਹੰਨਾ ਦੇ ਚੇਲਿਆਂ ਦਾ ਵਿਸ਼ਵਾਸ ਉਨ੍ਹਾਂ ਨੂੰ ਆਉਣ ਵਾਲੇ ਮਸੀਹ ਵੱਲ *ਅੱਗੇ* ਨੂੰ ਇਸ਼ਾਰਾ ਕਰਦਾ ਸੀ, ਜਦ ਕਿ ਸਾਡਾ ਵਿਸ਼ਵਾਸ ਉਹਦੇ ਵੱਲ *ਪਿੱਛੇ* ਨੂੰ ਵੇਖਣ ਦਾ ਇਸ਼ਾਰਾ ਕਰਦਾ ਹੈ ਜੋ ਸਾਡੇ ਲਈ ਮਰਿਆ (ਗਲਾਤੀਆਂ 2:20)। ਯੂਹੰਨਾ ਦੇ ਚੇਲੇ ਜਿਸ ਆਉਣ ਵਾਲੇ ਦੀ ਰਾਹ ਵੇਖ ਰਹੇ ਸਨ, ਉਹ ਉਹਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਤੋਂ ਅਣਜਾਣ ਸਨ ਜੋ ਕਿ ਇੰਜੀਲ ਦਾ ਸਾਰ ਹੈ (1 ਕੁਰਿੰਥੀਆਂ 15:1-4)। ਸੋ ਉਨ੍ਹਾਂ ਦਾ ਬਪਤਿਸਮਾ ਮਸੀਹੀ ਬਪਤਿਸਮੇ ਵਾਂਗ (ਰੋਮੀਆਂ 6:5) ''ਉਹਦੀ ਮੌਤ ਦੀ ਸਮਾਨਤਾ ਵਿਚ'' ਅਤੇ ''ਉਹਦੇ ਜੀ ਉੱਠਣ ਦੀ ਸਮਾਨਤਾ ਵਿਚ'' ਨਹੀਂ ਸੀ। ਉਨ੍ਹਾਂ ਨੂੰ ਯਿਸੂ ਦੀ ਮੌਤ ਨਾਲ ਬਪਤਿਸਮੇ ਦੇ ਸਬੰਧ ਦਾ ਬਿਲਕੁਲ ਪਤਾ ਨਹੀਂ ਸੀ (ਰੋਮੀਆਂ 6:3)। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਬਪਤਿਸਮਾ ਲੈਣ ਤੇ ਉਨ੍ਹਾਂ ਦੇ ਪਾਪ ਯਿਸੂ ਦੇ ਲਹੂ ਵਿਚ ਧੋਤੇ ਜਾ ਸਕਦੇ ਹਨ (ਰਸੂਲਾਂ ਦੇ ਕੰਮ 22:16[25])।

ਅਖ਼ੀਰ ਇਹ ਤੱਥ ਕਿ ਉਨ੍ਹਾਂ ਬਾਰਾਂ ਨੇ ''ਪ੍ਰਭੂ ਯਿਸੂ ਦੇ ਨਾਮ ਵਿਚ ਬਪਤਿਸਮਾ ਲਿਆ'' (ਰਸੂਲਾਂ ਦੇ ਕੰਮ 19:5) ਸਾਨੂੰ ਯਾਦ ਦੁਆਉਂਦਾ ਹੈ ਕਿ ਸਾਫ਼ ਤੌਰ ਤੇ ਯੂਹੰਨਾ ਦੇ ਬਪਤਿਸਮੇ ਨਾਲ ਕੋਈ ਨਾਂਅ ਨਹੀਂ ਜੁੜਿਆ ਸੀ। ਇਹਦੇ ਉਲਟ ਗ੍ਰੇਟ ਕਮਿਸ਼ਨ ਵਾਲਾ ਬਪਤਿਸਮਾ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' (ਮੱਤੀ 28:19) ਦੇ ਪਵਿੱਤਰ ਨਾਂਅ ਨਾਲ ਦਿੱਤਾ ਜਾਂਦਾ ਹੈ।[26]

ਅਸਲ 'ਚ ਇਨ੍ਹਾਂ ਦੋਹਾਂ ਬਪਤਿਸਮਿਆਂ ਨੂੰ ਹੋਰ ਨੇੜਿਓਂ ਵੇਖਣ ਤੇ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਸਮਾਨਤਾਵਾਂ ਸਨ। ਦੋਵੇਂ ਹੀ ਪਾਣੀ ਵਿਚ ਡੁਬੋ ਕੇ (ਯੂਹੰਨਾ 3:23; ਮੱਤੀ 3:16; ਰਸੂਲਾਂ ਦੇ ਕੰਮ 8:38[27]), ਅਤੇ ''ਪਾਪਾਂ ਦੀ ਮਾਫ਼ੀ ਲਈ'' (ਮਰਕੁਸ 1:4; ਲੂਕਾ 3:3; ਰਸੂਲਾਂ ਦੇ ਕੰਮ 2:38[28]) ਹੁੰਦੇ ਸਨ। ਭਾਵੇਂ ਇਹ ਤੁਲਨਾ ਬਹੁਤ ਸੰਖੇਪ ਵਿਚ ਸੀ ਪਰ ਇਸ ਤੋਂ ਇਹ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਇਨ੍ਹਾਂ ਲੋਕਾਂ ਨੂੰ ਦੂਜੀ ਵਾਰ ''ਯਿਸੂ ਦੇ ਨਾਂਅ ਵਿਚ'' ਬਪਤਿਸਮਾ ਲੈਣ ਦੀ ਲੋੜ ਕਿਉਂ ਸੀ?

ਅਹਿਮ ਗੱਲ ਇਹ ਹੈ ਕਿ ਬਾਈਬਲ ਇਹ ਨਹੀਂ ਦੱਸਦੀ ਕਿ ਇਨ੍ਹਾਂ ਬਾਰ੍ਹਾਂ ਚੇਲਿਆਂ ਨੂੰ ''ਦੁਬਾਰਾ ਬਪਤਿਸਮਾ'' ਦਿੱਤਾ ਗਿਆ ਸੀ।[29] ''ਦੁਬਾਰਾ ਬਪਤਿਸਮਾ'' ਬਾਰੇ ਬਾਈਬਲ ਕੁਝ ਨਹੀਂ ਦੱਸਦੀ। ਜੇ ਕਿਸੇ ਨੂੰ ਵਚਨ ਦੇ ਮੁਤਾਬਕ ਡੁਬਕੀ ਦਿੱਤੀ ਗਈ ਹੈ, ਤਾਂ ਉਸ ਦਾ ਬਪਤਿਸਮਾ ਹੋਇਆ ਹੈ। ਉਸ ਨੂੰ ਪਾਪਾਂ ਤੋਂ ਮਾਫ਼ੀ ਮਿਲ ਗਈ ਹੈ, ਉਹ ਪ੍ਰਭੂ ਦੀ ਕਲੀਸੀਆ ਵਿਚ ਮਿਲਾਇਆ ਗਿਆ ਹੈ ਅਤੇ ਉਸ ਨੂੰ ਫੇਰ ਬਪਤਿਸਮਾ ਲੈਣ ਦੀ ਕੋਈ ਲੋੜ ਨਹੀਂ ਹੈ। ਦੂਜੇ ਪਾਸੇ ਹੋ ਸਕਦਾ ਹੈ ਕਿ ਕਿਸੇ ਨੇ ਉਸ ਪ੍ਰਕ੍ਰਿਆ ਨੂੰ ਤਾਂ ਪੂਰਾ ਕੀਤਾ ਹੋਵੇ ਜਿਸ ਨੂੰ ਬਪਤਿਸਮਾ *ਕਿਹਾ ਜਾਂਦਾ ਹੈ,* ਪਰ ਜੇ ਉਹ ਪ੍ਰਕ੍ਰਿਆ ਨਵੇਂ ਨੇਮ ਦੇ ਨਮੂਨੇ ਨਾਲ ਮੇਲ ਨਹੀਂ ਖਾਂਦੀ, ਤਾਂ *ਉਹਦਾ ਬਪਤਿਸਮਾ ਅਜੇ ਨਹੀਂ ਹੋਇਆ ਹੈ,* ਭਾਵ ਉਹ ਸਿਰਫ਼ ਨਹਾਤਾ ਹੀ ਹੈ। ਅਜਿਹੇ ਸ਼ਖ਼ਸ ਲਈ ਪਹਿਲੀ ਅਤੇ ਆਖਰੀ ਵਾਰ ਬਪਤਿਸਮਾ ਲੈਣਾ ਜ਼ਰੂਰੀ ਹੈ।[30]

ਬਪਤਿਸਮਾ ਲੈਣ ਦੇ ਬਾਅਦ ਇਨ੍ਹਾਂ ਬਾਰ੍ਹਾਂ ਦਾ ਅਫ਼ਸੁਸ ਦੇ ਛੋਟੇ ਜਿਹੇ ਸਮੂਹ ਦੀ ਸੰਗਤੀ ਵਿਚ ਸਵਾਗਤ ਕੀਤਾ ਗਿਆ ਹੋਵੇਗਾ। ਇਸ ਖੁਸ਼ੀ ਦੇ ਮੌਕੇ ਤੇ ਅਖੀਰ ਪੌਲੁਸ ਦੀ ਮੰਸ਼ਾ ਪੂਰੀ ਹੋ ਗਈ ਸੀ, ਜੋ ਉਹਦੇ ਦਿਲ ਵਿਚ ਉਨ੍ਹਾਂ ਲੋਕਾਂ ਨਾਲ ਮਿਲ ਕੇ ਪੈਦਾ ਹੋਈ ਸੀ। ''ਅਤੇ ਜਾਂ

ਪੌਲੁਸ ਨੇ ਉਨ੍ਹਾਂ ਉੱਤੇ ਹੱਥ ਧਰੇ ਤਾਂ ਪਵਿੱਤਰ ਆਤਮਾ ਉਨ੍ਹਾਂ ਤੇ ਉੱਤਰਿਆ ਅਰ ਉਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ'' (19:6)।[31] ਪੌਲੁਸ ਨੇ ਮਸੀਹੀ ਲੋਕਾਂ ਉੱਤੇ ਹੱਥ ਰਖ ਕੇ ਉਹੀ ਕੀਤਾ ਜੋ ਪਤਰਸ ਅਤੇ ਯੂਹੰਨਾ ਨੇ ਸਾਮਰੀਆ ਵਿਚ ਆਣ ਕੇ ਕੀਤਾ ਸੀ।[32] ਰਸੂਲ ਮਸੀਹੀ ਲੋਕਾਂ ਨੂੰ ਮੋਅਜਜ਼ੇ ਕਰਨ ਦੇ ਦਾਨ ਦੇਣ ਲਈ ਉਨ੍ਹਾਂ ਉੱਤੇ ਹੱਥ ਰੱਖਦੇ ਹੁੰਦੇ ਸਨ।[33] ਇਨ੍ਹਾਂ ਦਾਨਾਂ ਨਾਲ ਮਸੀਹੀ ਲੋਕਾਂ ਨੂੰ ਨਵੇਂ ਨੇਮ ਦੇ ਲਿਖਤ ਰੂਪ ਵਿਚ ਅਤੇ ਰਸੂਲਾਂ ਦੀ ਕਲੀਸੀਆ ਦੇ ਰੂਪ ਵਿਚ ਕੰਮ ਕਰਨ ਦੀ ਯੋਗਤਾ ਮਿਲ ਜਾਂਦੀ ਸੀ।

ਇਕ ਸਵਾਲ ਰਹਿ ਜਾਂਦਾ ਹੈ ਕਿ ਲੂਕਾ ਨੇ ਇਹ ਕਿਉਂ ਕਿਹਾ ਕਿ ਪੌਲੁਸ ਨੇ ਇਨ੍ਹਾਂ ਲੋਕਾਂ ਉੱਤੇ ਹੱਥ ਰੱਖੇ ਅਤੇ ਉਹ ਵੱਖੋ-ਵੱਖ ਬੋਲੀਆਂ ਬੋਲਣ ਲੱਗ ਪਏ? ਜ਼ਾਹਰ ਹੈ ਕਿ ਪੌਲੁਸ ਨਵੇਂ ਮਸੀਹੀ ਲੋਕਾਂ ਉੱਤੇ ਹੱਥ ਰੱਖਦਾ ਹੁੰਦਾ ਸੀ (2 ਤਿਮੋਥਿਉਸ 1:6), ਪਰ ਲੂਕਾ ਨੇ ਇਸ ਬਾਰੇ ਪਹਿਲੀ ਵਾਰ ਇੱਥੇ ਹੀ ਦੱਸਿਆ ਹੈ। ਉਦਾਹਰਣ ਲਈ ਪੌਲੁਸ ਨੇ ਕੁਰਿੰਥੁਸ ਵਿਚ ਆਪਣੀ ਸੇਵਕਾਈ ਦੌਰਾਨ ਬਹੁਤ ਸਾਰੇ ਲੋਕਾਂ ਤੇ ਵੀ ਹੱਥ ਰੱਖੇ ਜਿਸ ਨਾਲ ਕਈ ਲੋਕ ਵੱਖੋ ਵੱਖ ਬੋਲੀਆਂ ਬੋਲਣ ਲੱਗ ਪਏ ਸਨ (1 ਕੁਰਿੰਥੀਆਂ 1:7; 12:10), ਪਰ ਲੂਕਾ ਨੇ ਉਹਦਾ ਜ਼ਿਕਰ ਨਹੀਂ ਕੀਤਾ। ਫਿਰ ਉਹਨੇ ਇੱਥੇ ਹੀ ਕਿਉਂ ਦੱਸਿਆ? ਸ਼ਾਇਦ ਲੂਕਾ ਸਾਮਰੀਆ ਵਿਚ ਪਤਰਸ ਦੇ ਕੰਮ ਦੀ ਤੁਲਨਾ ਉਸ ਨਾਲ ਕਰ ਰਿਹਾ ਸੀ ਜੋ ਅਫ਼ਸੁਸ ਵਿਚ ਪੌਲੁਸ ਨੇ ਕੀਤਾ,[34] ਹੋ ਸਕਦਾ ਹੈ ਕਿ ਇਹ ਤੱਥ ਇਸ ਗੱਲ ਉੱਤੇ ਜ਼ੋਰ ਦੇਣ ਲਈ ਲਿਖਿਆ ਗਿਆ ਹੋਵੇ ਕਿ ਦੁਬਾਰਾ ਬਪਤਿਸਮਾ ਲੈਣ ਵਾਲੇ ਇਨ੍ਹਾਂ ਲੋਕਾਂ ਨੂੰ ਬਗੈਰ ਕਿਸੇ ਝਿਜਕ ਦੇ ਅਫ਼ਸੁਸ ਦੀ ਕਲੀਸੀਆ ਵੱਲੋਂ ਕਬੂਲ ਕਰ ਲਿਆ ਗਿਆ ਜਦ ਕਿ ਰਸੂਲਾਂ ਦੇ ਕੰਮ 8 ਅਧਿਆਇ ਵਿਚ ਰਸੂਲਾਂ ਦੇ ਹੱਥ ਰੱਖਣ ਨਾਲ ਇਹ ਪਤਾ ਲੱਗਾ ਸੀ ਕਿ ਸਾਮਰੀਆਂ ਨੂੰ ਕਬੂਲ ਕਰ ਲਿਆ ਗਿਆ ਹੈ।[35] ਰਿਚਰਡ ਓਸਟਰਡ ਨੇ ਕਿਹਾ ਹੈ:

> ਰਸੂਲਾਂ ਦੇ ਕੰਮ ਕਿਤਾਬ ਵਿਚ ਬੋਲੀਆਂ ਬੋਲਣ ਨਾਲ ਸਬੰਧਤ ਇਹ ਤੀਜੀ ਘਟਨਾ ਸੀ। ਇਹ ਇਨ੍ਹਾਂ ਤਿੰਨਾਂ ਵਾਰ ਦੀ ਘਟਨਾ ਕਲੀਸੀਆ ਵਿਚ ਨਵੇਂ ਸਮੂਹਾਂ ਦੇ ਮਹੱਤਵਪੂਰਣ ਮੇਲ ਦੇ ਸੰਦਰਭ ਵਿਚ ਪਵਿੱਤਰ ਆਤਮਾ ਉੱਤੇ ਸਿੱਖਿਆ ਨਾਲ ਸਬੰਧਿਤ ਹੈ (2:4; 10:46; 19:5)।[36]

## ਪ੍ਰਾਸੰਗਿਕਤਾ ਨੂੰ ਸਮਝਣ ਵਿਚ ਮੁਸ਼ਕਿਲ

ਅਫ਼ਸੁਸ ਵਿਚ ਪੌਲੁਸ ਕੰਮ ਦੀ ਚੰਗੀ ਸ਼ੁਰੂਆਤ ਕਰਨ ਵਾਲਾ ਸੀ। ਅਗਲੇ ਪਾਠ ਵਿਚ ਅਸੀਂ ਉਸ ਵੱਡੇ ਸ਼ਹਿਰ ਵਿਚ ਪੌਲੁਸ ਦੀ ਸੇਵਕਾਈ ਦਾ ਅਧਿਐਨ ਜਾਰੀ ਰੱਖਾਂਗੇ ਪਰ ਇਹ ਪਾਠ ਖ਼ਤਮ ਕਰਨ ਤੋਂ ਪਹਿਲਾਂ ਅਸੀਂ ਇਹ ਵੇਖਾਂਗੇ ਕਿ ਰਸੂਲਾਂ ਦੇ ਕੰਮ 19:1-7 ਦੀ ਕਹਾਣੀ ਦੀ ਪ੍ਰਾਸੰਗਕਿਤਾ ਦੀ ਕਹਾਣੀ ਨੂੰ ਇਸ ਨਾਲ ਜੋੜ ਸਕਦੇ ਹਾਂ ਕਿ ਨਹੀਂ। ਜੇ ਜੋੜ ਸਕਦੇ ਹਾਂ ਤਾਂ ਕਿਵੇਂ।

ਕਈ ਲੋਕਾਂ ਦਾ ਮੰਨਣਾ ਹੈ ਕਿ ਇਸ ਦੀ ਕੋਈ ਪ੍ਰਾਸੰਗਿਕਤਾ ਨਹੀਂ ਹੋਣੀ ਚਾਹੀਦੀ। ਉਹ ਇਹ ਮੁੱਦਾ ਉਠਾਉਂਦੇ ਹਨ (ਜਿੱਥੋਂ ਤਕ ਸਾਨੂੰ ਪਤਾ ਹੈ) ਕਿ ਅੱਜ ਕਿਸੇ ਨੂੰ ਵੀ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਬਪਤਿਸਮਾ ਨਹੀਂ ਦਿੱਤਾ ਜਾਂਦਾ। ਪਰ ਇਹ ਨਾਮੁਮਕਿਨ ਲਗਦਾ ਹੈ ਕਿ ਲੂਕਾ ਨੇ ਇਹ ਕਹਾਣੀ ਸਿਰਫ਼ ਕਾਗਜ਼ ਭਰਨ ਲਈ ਹੀ ਸ਼ਾਮਲ ਕੀਤੀ ਹੋਵੇ; ਖ਼ੁਦਾ ਜ਼ਰੂਰ

ਹੀ ਚਾਹੁੰਦਾ ਸੀ ਕਿ ਅਸੀਂ ਇਸ ਤੋਂ ਕੁਝ ਸਿੱਖਿਆ ਲਈਏ। ਪਿਛਲੇ ਪਾਠ ਵਿਚ ਅਸੀਂ ਅਪੁਲੋਸ ਦੀ ਕਹਾਣੀ ਤੋਂ ਕਈ ਪ੍ਰਾਸੰਗਿਤਾਵਾਂ ਬਣਾਈਆ ਸਨ, ਜਿਸ ਨੂੰ ਸਿਰਫ਼ ਯੂਹੰਨਾ ਦੇ ਬਪਤਿਸਮੇ ਦੀ ਹੀ ਗੱਲ ਦਾ ਪਤਾ ਸੀ। ਜੇ ਅਸੀਂ ਉਸ ਕਹਾਣੀ ਨੂੰ ਲਾਗੂ ਕਰ ਸਕਦੇ ਹਾਂ ਤਾਂ ਯਕੀਨਨ ਹੀ ਇਸ ਕਹਾਣੀ ਨੂੰ ਵੀ ਲਾਗੂ ਕਰ ਸਕਦੇ ਹਾਂ।

ਰਸੂਲਾਂ ਦੇ ਕੰਮ 19:1-7 ਦੀ ਪ੍ਰਾਸੰਗਿਕਤਾ ਬਣਾਉਣੀ ਹੋਵੇ ਤਾਂ ਉਹ ਇੰਜ ਹੋਵੇ: ਕਈ ਵਾਰ ''ਬਪਤਿਸਮਾ'' ਬਪਤਿਸਮਾ ਨਹੀਂ ਹੁੰਦਾ।[37] ਅਜਿਹੇ ਮੌਕੇ ਵੀ ਆਉਣਗੇ ਜਦ ਕਿਸੇ ਨੇ ਡੁਬਕੀ ਦੇਣ ਦੀ ਉਸ ਰਸਮ ਨੂੰ ਤਾਂ ਪੂਰਾ ਕੀਤਾ ਹੋਵੇ ਜਿਸ ਨੂੰ ਬਪਤਿਸਮਾ ਕਿਹਾ ਜਾਂਦਾ ਹੈ। ਅੱਜ ਯੂਹੰਨਾ ਦੇ ਬਪਤਿਸਮੇ ਦੀ ਤੁਲਨਾ ਨਹੀਂ ਮਿਲਦੀ ਇਸ ਲਈ ਇਹ ਔਖਾ ਹੁੰਦਾ ਹੈ ਕਿ ਸਭ ਮਾਮਲਿਆਂ ਵਿਚ ਇਹਦੀ ਲੋੜ ਹੁੰਦੀ ਹੈ ਫਿਰ ਵੀ ਕਿਸੇ ਦੀ ਪ੍ਰਾਸੰਗਿਕਤਾ ਦੀ ਸ਼ੁਰੂਆਤ ਲਈ ਇਹ ਸੱਚਾਈ ਜ਼ਰੂਰੀ ਹੈ ਕਿ ਬਪਤਿਸਮੇ ਦੀ ਹਰ ਰਸਮ ਨੂੰ ਬਪਤਿਸਮਾ ਨਹੀਂ ਕਿਹਾ ਜਾਂਦਾ।

ਚਰਚਾ ਇਸ ਸਵਾਲ ਨਾਲ ਸ਼ੁਰੂ ਕਰਦੇ ਹਾਂ ਕਿ ''ਬਪਤਿਸਮੇ ਨੂੰ ਬਾਈਬਲ ਮੁਤਾਬਕ ਬਣਾਉਣ ਲਈ ਕੀ ਜ਼ਰੂਰੀ ਹੈ?'' ਰਸੂਲਾਂ ਦੇ ਕੰਮ ਵਿਚ ਆਪਣੇ ਅਧਿਐਨ ਦੇ ਅਧਾਰ ਤੇ ਸਾਡਾ ਸਿੱਧਾ ਜਿਹਾ ਜਵਾਬ ਹੈ, ''ਇਹ ਸਹੀ ਤਰੀਕੇ ਨਾਲ, ਸਹੀ ਵਿਅਕਤੀ ਦਾ ਅਤੇ ਸਹੀ ਮਕਸਦ ਲਈ ਹੋਣਾ ਚਾਹੀਦਾ ਹੈ।'' *ਸਹੀ ਤਰੀਕਾ* ਪਾਣੀ ਵਿਚ ਡੁਬਾਉਣਾ ਹੈ। ''ਬਪਤਿਸਮਾ'' ਯੂਨਾਨੀ ਸ਼ਬਦ ਦਾ ਬਦਲਵਾਂ ਸ਼ਬਦ ਹੈ ਜਿਹਦਾ ਮੂਲ ਅਰਥ ''ਡੁਬਾਉਣਾ'' ਹੈ।[38] ਰਸੂਲਾਂ ਦੇ ਕੰਮ 8 ਵਿਚ ਜਿਸ ਬੰਦੇ ਦਾ ਬਪਤਿਸਮਾ ਹੋਇਆ ਸੀ ਉਹ ਪਾਣੀ ਵਿਚ ਗਿਆ ਅਤੇ ਬਪਤਿਸਮਾ ਲੈ ਕੇ ਬਾਹਰ ਆਇਆ ਸੀ (ਆਇਤਾਂ 38, 39)। *ਸਹੀ ਵਿਅਕਤੀ* ਉਹ ਹੈ ਜੋ ਆਪਣੀ ਜ਼ਿੰਦਗੀ ਨਿੱਜੀ ਤੌਰ ਤੇ ਦੇਣ ਲਈ ਪਰਿਪੱਕ ਹੋਵੇ, ਪ੍ਰਭੂ ਵਿਚ ਵਿਸ਼ਵਾਸ ਕਰਦਾ ਹੋਵੇ, ਉਹਨੇ ਪਾਪਾਂ ਤੋਂ ਤੌਬਾ ਕੀਤੀ ਹੋਵੇ ਅਤੇ ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਨੂੰ ਤਿਆਰ ਹੋਵੇ (2:37, 38; 8:37)। ਰਸੂਲਾਂ ਦੇ ਕੰਮ ਕਿਤਾਬ ਨਵਜੰਮੇ ਬੱਚਿਆਂ ਦੇ ਬਪਤਿਸਮੇ ਦਾ ਇਖ਼ਤਿਆਰ ਨਹੀਂ ਦਿੰਦੀ। *ਬਪਤਿਸਮਾ ਲੈਣ ਦਾ ਸਹੀ ਮਕਸਦ* ਪਾਪਾਂ ਦੀ ਮਾਫ਼ੀ ਪਾਉਣਾ (ਰਸੂਲਾਂ ਦੇ ਕੰਮ 2:38; 22:16), ਪਵਿੱਤਰ ਆਤਮਾ ਨੂੰ ਦਾਨ ਦੇ ਰੂਪ ਵਿਚ ਪਾਉਣਾ (2:38) ਅਤੇ ਪ੍ਰਭੂ ਦੀ ਕਲੀਸੀਆ ਦੇ ਲੋਕ ਬਣਨਾ ਹੈ (2:41, 47[39])।

ਇਸ ਦੀ ਪ੍ਰਾਸੰਗਿਕਤਾ ਨੂੰ ਸਿੱਧ ਕਰਨ ਲਈ ਪਹਿਲਾ ਦੀਆਂ ਦੋ ਸ਼ਰਤਾਂ ਸਹੀ ਢੰਗ ਅਤੇ ਸਹੀ ਵਿਅਕਤੀ ਕੋਈ ਰੁਕਾਵਟ ਨਹੀਂ ਪਾਉਂਦੀਆਂ। ਕਿਸੇ ਨੂੰ ਪਾਣੀ ਵਿਚ ਡੋਬ ਕੇ ਬਪਤਿਸਮਾ ਦਿੱਤਾ ਗਿਆ ਹੈ ਜਾਂ ਨਹੀਂ। ਉਹ ਐਨਾ ਵੱਡਾ ਸੀ ਕਿ ਆਪ ਸਮਰਪਣ ਕਰ ਸਕੇ ਜਾਂ ਨਹੀਂ।[40] ਇਸ ਕਰਕੇ ਭਾਵੇਂ ਇਹ ਗੱਲ ''ਮਸੀਹੀ ਜਗਤ'' ਦੇ ਵੱਡੇ ਹਿੱਸੇ ਨੂੰ ਸ਼ਰਮਸਾਰ ਕਰਨ ਵਾਲੀ ਲੱਗੇ, ਪਰ ਜੇ ਕਿਸੇ ਨੂੰ ਬਚਪਨ ਵਿਚ ਪਾਣੀ ਤਰੌਂਕ ਕੇ ਬਪਤਿਸਮਾ ਦਿੱਤਾ ਗਿਆ ਸੀ ਤਾਂ ਨਵੇਂ ਨੇਮ ਦੇ ਮੁਤਾਬਕ ਅਜੇ ਉਹਨੂੰ ਬਪਤਿਸਮਾ ਲੈਣ ਦੀ ਲੋੜ ਹੈ।

ਇਸ ਵਿਸ਼ੇ ਤੇ ਉਲਝਣ ਉਦੋਂ ਹੁੰਦੀ ਹੈ ਜਦੋਂ ਇਹਦੇ ਮਕਸਦ ਦੀ ਗੱਲ ਆਉਂਦੀ ਹੈ। ਅਸੀਂ ਇਸ ਸਵਾਲ ਨਾਲ ਮੁਸ਼ਕਲ ਵਿਚ ਪੈ ਜਾਂਦੇ ਹਾਂ ਕਿ ਇਹ ਜਾਣਨ ਲਈ ਕਿ ਕਿਸੇ ਨੂੰ ਪਹਿਲਾਂ ਤੋਂ ਕੀ ਪਤਾ ਹੋਣਾ ਅਤੇ ਸਮਝ ਹੋਣੀ ਜ਼ਰੂਰੀ ਹੈ ਕਿ ਉਹਦਾ ਬਪਤਿਸਮਾ ਵਚਨ ਦੇ ਅਨੁਸਾਰ ਹੋਇਆ ਹੈ ਜਾਂ ਨਹੀਂ। ਮਕਸਦ ਦਾ ਸਵਾਲ ਟੇਢਾ ਹੈ ਜਾਂ ਨਹੀਂ, ਰਸੂਲਾਂ ਦੇ ਕੰਮ 19:1 ਤੋਂ 7 ਤੋਂ ਬਣਨ ਵਾਲੀ ਕਿਸੇ ਵੀ ਪ੍ਰਾਸੰਗਿਕਤਾ ਵਿਚ ਅਹਿਮ ਹੈ। ਉਹ ਬਾਰਾਂ ਬੰਦੇ

ਬਾਲਗ (ਆਇਤ 7) (ਭਾਵ ਬਪਤਿਸਮਾ ਲੈਣ ਲਈ ਸਹੀ ਲੋਕ) ਸਨ ਜਿਨ੍ਹਾਂ ਨੂੰ ਪਾਣੀ ਵਿਚ ਬਪਤਿਸਮਾ ਲੈਣ ਲਈ ਡੁਬਕੀ ਦਿੱਤੀ ਗਈ ਸੀ (ਸਹੀ ਤਰੀਕਾ)। ਮੂਲ ਵਿਚ ਉਨ੍ਹਾਂ ਦੇ ਬਪਤਿਸਮੇ ਦੇ ਮਕਸਦ ਦੀ ਗੱਲ ਕਹੀ ਗਈ ਸੀ। ਉਨ੍ਹਾਂ ਨੂੰ ਯਿਸੂ ਦੇ ਲਹੂ ਨਾਲ ਬਪਤਿਸਮੇ ਦੇ ਸਬੰਧ ਦਾ ਬਿਲਕੁਲ ਪਤਾ ਨਹੀਂ ਸੀ; ਉਨ੍ਹਾਂ ਦਾ ਬਪਤਿਸਮਾ ਪਵਿੱਤਰ ਆਤਮਾ ਦਾ ਦਾਨ ਪਾਉਣ ਲਈ ਨਹੀਂ ਹੋਇਆ ਸੀ। ਉਨ੍ਹਾਂ ਨੂੰ ਪ੍ਰਭੂ ਦੀ ਕਲੀਸੀਆ ਦਾ ਮੈਂਬਰ ਬਣਨ ਲਈ ਪਾਣੀ ਵਿਚ ਨਹੀਂ ਡੁਬੋਇਆ ਗਿਆ ਸੀ।

ਮਸਕਦ ਦੀ ਗੱਲ ਕਰਦਿਆਂ ਸਾਨੂੰ ਇਸ ਤੋਂ ਹੋਰ ਅਸਾਨ ਬਣਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਪਤਿਸਮੇ ਦੇ ਕਿਸੇ ਇਕ ਮਸਕਦ ਦੀ ਅਹਿਮੀਅਤ ਤੇ ਜ਼ੋਰ ਦੇਣ ਦਾ ਲਾਲਚ ਆ ਸਕਦਾ ਹੈ। ਉਦਾਹਰਣ ਲਈ ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਜੇ ਕਿਸੇ ਦਾ ''ਪਾਪਾਂ ਦੀ ਮਾਫ਼ੀ ਲਈ'' ਡੁਬਕੀ ਨਾਲ ਬਪਤਿਸਮਾ ਹੋਇਆ ਹੈ ਤਾਂ ਉਹਦਾ ਬਪਤਿਸਮਾ ਸਹੀ ਸੀ। ਯਾਦ ਰੱਖੋ ਕਿ ਇਨ੍ਹਾਂ ਬਾਰ੍ਹਾਂ ਚੇਲਿਆਂ ਨੂੰ ''ਪਾਪਾਂ ਦੀ ਮਾਫ਼ੀ ਲਈ'' (ਮਰਕੁਸ 1:4) ਬਪਤਿਸਮਾ ਦਿੱਤਾ ਗਿਆ ਸੀ, ਪਰ ਫਿਰ ਵੀ ਇਨ੍ਹਾਂ ਨੂੰ ਦੁਬਾਰਾ ਡੁਬਕੀ ਦਾ ਬਪਤਿਸਮਾ ਲੈਣ ਦੀ ਲੋੜ ਸੀ।[41]

ਇਹਦੀ ਉਦਾਹਰਣ ਲਈ ਕਿ ਇਸ ਸਵਾਲ ਨੂੰ ਬੇਹੱਦ ਅਸਾਨ ਬਣਾਉਣਾ ਕਿੰਨਾ ਸੌਖਾ ਹੈ ਕੁਝ ਲੋਕਾਂ ਦਾ ਇਹ ਨਿਚੋੜ ਹੈ ਕਿ ਜਦ ਤਕ ਬਪਤਿਸਮਾ ਲੈਣ ਵਾਲਾ ''ਯਿਸੂ ਦੇ ਨਾਂਅ ਦਾ'' (ਆਇਤ 5) ਐਲਾਨ ਕਰਦਾ ਹੈ, ਤਦ ਤਕ ਉਹਦਾ ਬਪਤਿਸਮਾ ਵਚਨ ਦੇ ਮੁਤਾਬਕ ਹੈ। ''ਯਿਸੂ ਦੇ ਨਾਂਅ ਨਾਲ'' ਬਪਤਿਸਮਾ ਲੈਣ ਦਾ ਮਤਲਬ ਮਦਦ ਲਈ ਯਿਸੂ ਦਾ ਨਾਂਅ ਪੁਕਾਰਨਾ ਹੀ ਨਹੀਂ ਸਗੋਂ ਹੋਰ ਗੱਲਾਂ ਨਾਲ ਯਿਸੂ ਦੇ ਇਖ਼ਤਿਆਰ ਨਾਲ ਬਪਿਤਸਮਾ ਲੈਣਾ ਵੀ ਹੈ।[42] ਯਿਸੂ ਦੇ ਬਪਤਿਸਮੇ ਨਾਲੋਂ ਫ਼ਰਕ ਬਪਤਿਸਮਾ ''ਯਿਸੂ ਦੇ ਨਾਂਅ ਨਾਲ'' ਨਹੀਂ ਹੋ ਸਕਦਾ ਭਾਵੇਂ ਉਸ ਰਸਮ ਦੇ ਇਕ ਭਾਗ ਵਿਚ ਉਹਦੇ ਨਾਂਅ ਦੀ ਵਰਤੋਂ ਹੀ ਕਿਉਂ ਨਾ ਕੀਤੀ ਗਈ ਹੋਵੇ।

ਬਪਤਿਸਮਾ ਲੈਣ ਦੇ ਕਿਸੇ ਵੀ ਮਕਸਦ ਨੂੰ ਤੈਅ ਕਰਨ ਦੀ ਚੁਣੌਤੀ ਇਹ ਹੈ ਕਿ ਅਸੀਂ ਇਹ ਖੋਜ ਕਰਨ ਦੀ ਕੋਸ਼ਿਸ਼ ਵਿਚ ਹਾਂ ਕਿ ਉਸ ਆਦਮੀ ਦੇ ਮਨ ਵਿਚ ਉਸ ਵਕਤ ਕੀ ਸੀ, ਅਤੇ ਇਹੀ ਜਾਨਣਾ ਔਖਾ ਹੈ। ''ਮਨੁੱਖ ਦੇ ਆਤਮਾ ਤੋਂ ਬਿਨਾਂ ਜੋ ਉਹ ਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ?'' (1 ਕੁਰਿੰਥੀਆਂ 2:11ੳ)। ਦੂਜੇ ਪਾਸੇ ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ ਕਿ ''*ਪ੍ਰਮੇਸ਼ਵਰ ਦਾ ਵਚਨ* ... ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ'' (ਇਬਰਾਨੀਆਂ 4:12)। ਇਸ ਲਈ ਬਪਤਿਸਮੇ ਦੇ ਮਕਸਦ ਬਾਰੇ *ਵਚਨ* ਦੀ ਤੁਲਨਾ ਮਨੁੱਖਾਂ ਦੇ ਮਕਸਦਾਂ ਨਾਲ ਕਰਨਾ ਸਹੀ ਰਹਿੰਦਾ ਹੈ।

ਵਰ੍ਹਿਆਂ ਤੋਂ ਮੈਂ ਆਦਮੀਆਂ ਅਤੇ ਔਰਤਾਂ ਨਾਲ ਬਾਈਬਲ ਅਧਿਐਨ ਕਰਦਾ ਆ ਰਿਹਾ ਹਾਂ, ਮੈਂ ਉਨ੍ਹਾਂ ਤੋਂ ਬਪਤਿਸਮੇ ਲਈ ਇਨਸਾਨ ਦੇ ਬਣਾਏ ਕਈ ਕਾਰਣ ਸੁਣੇ ਹਨ। ਕਈਆਂ ਨੂੰ ਬਪਤਿਸਮਾ ''ਸਿਰਫ਼ ਇਸ ਲਈ ਦਿੱਤਾ ਗਿਆ ਕਿਉਂਕਿ ਦੂਜਿਆਂ ਨੇ ਵੀ ਲਿਆ ਸੀ।'' ਕਈਆਂ ਨੇ ਦੂਜਿਆਂ ਨੂੰ ਖ਼ੁਸ਼ ਕਰਨ ਲਈ ਬਪਤਿਸਮਾ ਲਿਆ। ਕਈਆਂ ਨੇ ਬਪਤਿਸਮਾ ਇਸ ਲਈ ਲਿਆ ਕਿਉਂਕਿ ਉਨ੍ਹਾਂ ਲਈ ਆਪਣੀ ਪਸੰਦ ਦੀ ਡਿਨੋਮਿਨੇਸ਼ਨ (ਫ਼ਿਰਕੂ ਕਲੀਸੀਆ) ਵਿਚ ਸ਼ਾਮਲ ਹੋਣ ਦੀ ਇਕ ਸ਼ਰਤ ਸੀ। ਕਈਆਂ ਨੂੰ ਇਹ ਦੱਸਿਆ ਗਿਆ ਕਿ ਉਨ੍ਹਾਂ ਦੇ ਬਪਤਿਸਮੇ ਦਾ ਇੱਕੋ ਇਕ ਮਕਸਦ ਉਨ੍ਹਾਂ ਦੀ ਅੰਦਰੂਨੀ ਸਫ਼ਾਈ ਦਾ ''ਬਾਹਰੀ ਨਿਸ਼ਾਨ''

ਹੋਵੇਗਾ। ਬਹੁਤ ਸਾਰੇ ਲੋਕਾਂ ਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਉਨ੍ਹਾਂ ਨੇ ਬਪਤਿਸਮਾ ਕਿਉਂ ਲਿਆ, ''ਪਰ ਲੈਣਾ ਜ਼ਰੂਰੀ ਸੀ'' ਇਸ ਲਈ ਉਨ੍ਹਾਂ ਨੇ ਵੀ ਲੈ ਲਿਆ।[43]

ਕਿਸੇ ਨਾਲ ਅਧਿਐਨ ਕਰਦਿਆਂ ਮੈਂ ਬਾਈਬਲ ਦੇ ਬਪਤਿਸਮੇ ਦੀ ਤੁਲਨਾ (ਇਹਦੇ ਮਕਸਦ ਸਮੇਤ) ਆਪਣੇ ਵਿਦਿਆਰਥੀ ਦੇ ਬਪਤਿਸਮੇ ਨਾਲ ਕਰਦਾ ਹਾਂ। ਆਖ਼ਰੀ ਫੈਸਲਾ ਵਿਦਿਆਰਥੀ ਨੇ ਹੀ ਲੈਣਾ ਹੈ ਕਿ ਉਹਨੂੰ ਬਪਤਿਸਮਾ (ਜਾਂ ਮੁੜ ਬਪਤਿਸਮਾ) ਲੈਣ ਦੀ ਲੋੜ ਹੈ ਜਾਂ ਨਹੀਂ, ਕਿਉਂਕਿ ਆਪਣੇ ਦਿਲ ਨੂੰ ਉਹੀ ਜਾਣਦਾ ਹੈ। ਡੂੰਘਿਆਈ ਨਾਲ ਅਧਿਐਨ ਕਰਨ ਦੇ ਬਾਅਦ ਮੇਰੇ ਬਹੁਤ ਸਾਰੇ ਵਿਦਿਆਰਥੀ ਫ਼ੈਸਲਾ ਲੈਂਦੇ ਹਨ ਕਿ ਹੁਕਮ ਮੰਨਣ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਬਪਸਿਤਮਾ ਲੈਣ ਦੀ ਲੋੜ ਹੈ।

ਮੈਂ ਛੇਤੀ ਨਾਲ ਇਹ ਕਹਿ ਦਿਆਂ ਕਿ ਮੈਂ ਇਹ ਜ਼ੋਰ ਨਹੀਂ ਦੇ ਰਿਹਾ ਕਿ ਵਚਨ ਦੇ ਅਨੁਸਾਰ ਬਪਤਿਸਮਾ ਲੈਣ ਤੋਂ ਪਹਿਲਾਂ ਬਪਤਿਸਮੇ ਬਾਰੇ *ਸਭ ਕੁਝ* ਪਤਾ ਹੋਣਾ ਜ਼ਰੂਰੀ ਹੈ; ਨਾ ਹੀ ਮੈਂ ਇਹ ਕਹਿ ਰਿਹਾ ਹਾਂ ਕਿ ਜੇ ਬਪਤਿਸਮੇ ਬਾਰੇ ਕਿਸੇ ਦੇ ਖ਼ਿਆਲ ਜਾਂ ਸਮਝ ਕਈ ਸਾਲਾਂ ਬਾਅਦ ਪੱਕੇ ਹੁੰਦੇ ਹਨ ਤਾਂ ਇਹਦਾ ਮਤਲਬ ਇਹ ਹੈ ਕਿ ਉਹਦਾ ਬਪਤਿਸਮਾ ਵਚਨ ਦੇ ਅਨੁਸਾਰ ਨਹੀਂ ਹੋਇਆ। ਰੋਮੀਆਂ 6:3-6 ਵਿਚ ਪੌਲੁਸ ਦੀਆਂ ਗੱਲਾਂ ਨਾਲ ਰੋਮ ਦੇ ਮਸੀਹੀਆਂ ਨੂੰ ਬਪਤਿਸਮੇ ਦੀ ਅਹਿਮੀਅਤ ਦੀ ਨਵੀਂ ਰੌਸ਼ਨੀ ਮਿਲੀ। ਦੂਜੇ ਪਾਸੇ ਬਪਤਿਸਮਾ ਲੈ ਕੇ ''ਮਨੋਂ ਆਗਿਆਕਾਰ'' (ਵੇਖੋ ਰੋਮੀਆਂ 6:3, 4, 17, 18) ਹੋ ਜਾਂਦੇ ਹਨ, ਇਸ ਲਈ ਸਮਰਪਣ ਵਾਸਤੇ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਵਚਨ ਦੇ ਅਨੁਸਾਰ ਕੀ ਜ਼ਰੂਰੀ ਹੈ।

ਸੱਚ ਆਖਦਾ ਹਾਂ, ਮਨੁੱਖ ਦੀਆਂ ਬਣਾਈਆਂ ਅੱਜ ਦੀਆਂ ਉਨ੍ਹਾਂ ਰਸਮਾਂ ਦੇ ਵਧਣ ਨਾਲ ਜਿਨ੍ਹਾਂ ਨੂੰ ਬਪਤਿਸਮਾ ਕਿਹਾ ਜਾਂਦਾ ਹੈ, ਇਹ ਪਤਾ ਲਾਉਣ ਵਿਚ ਮੁਸ਼ਕਲ ਆਉਂਦੀ ਹੈ ਕਿ ਕਿਸੇ ਦਾ ਬਪਤਿਸਮਾ ਵਚਨ ਦੇ ਮੁਤਾਬਕ ਹੋਇਆ ਹੈ ਜਾਂ ਨਹੀਂ। ਪਰ ਮੇਰਾ ਮੰਨਣਾ ਹੈ ਕਿ ਅੱਜ ਦੇ ਹਲਾਤ ਉਸ ਹਲਾਤ ਨਾਲੋਂ ਫ਼ਰਕ ਨਹੀਂ ਹਨ ਜਿਹੜੇ ਪੌਲੁਸ ਨੇ ਅਫ਼ਸੁਸ ਵਿਚ ਵੇਖੇ ਸਨ। ਮਸੀਹੀ ਬਪਤਿਸਮੇ ਨਾਲ ਯੂਹੰਨਾ ਦੇ ਪੁਰਾਣੇ ਪੈ ਚੁੱਕੇ ਬਪਤਿਸਮੇ ਨਾਲ ਪੌਲੁਸ ਦੇ ਸਮੇਂ ਵੀ ਇਹ ਮਾਮਲਾ ਉਲਝ ਗਿਆ ਸੀ। ਉਨ੍ਹਾਂ ਬਾਰ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦਾ ਬਪਤਿਸਮਾ ਹੋ ਚੁੱਕਿਆ ਹੈ; ਹੋ ਸਕਦਾ ਹੈ ਕਿ ਕਈ ਮਸੀਹੀਆਂ ਨੂੰ ਵੀ ਲਗਦਾ ਹੋਵੇਗਾ ਕਿ ਉਨ੍ਹਾਂ ਬਾਰ੍ਹਾਂ ਦਾ ਬਪਤਿਸਮਾ ਹੋ ਚੁੱਕਾ ਸੀ।[44] ਇਸ ਉਲਝਣ ਨੂੰ ਦੂਰ ਕਰਨ ਲਈ ਪੌਲੁਸ ਨੇ ਯੂਹੰਨਾ ਦੇ ਬਪਤਿਸਮੇ ਨਾਲ ਗ੍ਰੇਟ ਕਮੀਸ਼ਨ ਦੇ ਬਪਤਿਸਮੇ ਨੂੰ ਰੱਖ ਕੇ ਉਨ੍ਹਾਂ ਦੋਹਾਂ ਦੀ ਤੁਲਨਾ ਕੀਤੀ। ਅੱਜ ਸਾਨੂੰ ਵੀ ਇਹੀ ਤਰੀਕਾ ਅਪਣਾਉਣਾ ਚਾਹੀਦਾ ਹੈ।

## ਸਾਰ

ਇਨ੍ਹਾਂ ਬਾਰ੍ਹਾਂ ਦੀ ਕਹਾਣੀ ਤੋਂ ਜਿਨ੍ਹਾਂ ਨੂੰ ਮੁੜ ਤੋਂ ਬਪਤਿਸਮਾ ਲੈਣ ਦੀ ਲੋੜ ਸੀ, ਦੋ ਸਾਫ਼ ਪ੍ਰਾਸੰਗਿਕਤਾਵਾਂ ਮਿਲਦੀਆਂ ਹਨ: (1) ਸਿਖਾਉਂਦੇ ਸਮੇਂ ਸਾਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਸਾਫ਼ ਦੱਸੀਏ, ਭਾਵੇਂ ਉਸ ਨਾਲ ਕਿਸੇ ਦੇ ਜਜ਼ਬਾਤ ਨੂੰ ਠੋਕਰ ਲੱਗਣ ਦੀ ਸੰਭਾਵਨਾ ਹੀ ਕਿਉਂ ਨਾ ਹੋਵੇ। ਪੌਲੁਸ ਨੇ ਇਨ੍ਹਾਂ ਬਾਰ੍ਹਾਂ ਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕੀਤੀ ਕਿ ਉਨ੍ਹਾਂ ਦੇ ਬਪਤਿਸਮੇ ਵਿਚ ਕੁਝ ਗੜਬੜ ਹੈ। ਜੇ ਸਾਡੇ ਸੁਣਨ ਵਾਲੇ ਸਾਫ਼ ਮਨ ਦੇ ਹਨ, ਤਾਂ ਉਹ ਖ਼ੁਦਾ ਦੇ ਵਚਨ ਨੂੰ ਉਵੇਂ ਹੀ ਕਬੂਲ ਕਰਨਗੇ ਜਿਵੇਂ ਅਸਾਂ ਉਨ੍ਹਾਂ ਨੂੰ ਦਿੱਤਾ ਹੈ।[45] (2) ਸਾਡੇ ਵਿੱਚੋਂ ਹਰ ਇਕ ਨੇ ਆਪਣੀਆਂ ਧਾਰਮਿਕ ਰਵਾਇਤਾਂ ਦੀ ਤੁਲਨਾ ਬਾਈਬਲ ਦੀਆਂ ਸਿੱਖਿਆਵਾਂ ਨਾਲ

ਕਰਕੇ ਉਨ੍ਹਾਂ ਨੂੰ ਬਾਈਬਲ ਦੀ ਸਿੱਖਿਆ ਮੁਤਾਬਕ ਲਾਗੂ ਕਰਨ ਲਈ ਜੋ ਵੀ ਕਰਨਾ ਜ਼ਰੂਰੀ ਹੋਵੇ ਕਰਨਾ ਚਾਹੀਦਾ ਹੈ ਭਾਵੇਂ ਇਸ ਨਾਲ ਸਾਨੂੰ ਬੁਰਾ ਹੀ ਲੱਗੇ। ਇਹ ਬਾਰਾਂ ਬੰਦੇ ਅਜਿਹਾ ਕਰਨ ਲਈ ਤਿਆਰ ਸਨ। ਅਸੀਂ ਹਾਂ?

ਇਸ ਪਾਠ ਨੂੰ ਖਤਮ ਕਰਦੇ ਹੋਏ ਮੈਂ ਸਭ ਨੂੰ ਖ਼ਾਸ ਤੌਰ ਤੇ ਉਤਸ਼ਾਹਿਤ ਕਰਾਂਗਾ ਕਿ ਉਹ ਆਪਣੇ ਬਪਤਿਸਮੇ ਨੂੰ ਵਚਨ ਦੀ ਰੌਸ਼ਨੀ ਵਿਚ ਪਰਖੇ। ਸਵਰਗ ਬਹੁਤ ਹੀ ਖੂਬਸੂਰਤ ਜਗ੍ਹਾ ਹੈ ਅਤੇ ਨਰਕ ਬਹੁਤ ਹੀ ਭਿਆਨਕ। ਅਨੰਤਕਾਲ ਦਾ ਸਮਾਂ ਐਨਾਂ ਲੰਮਾ ਹੈ ਕਿ ਅਸੀਂ ਆਪਣੀ ਜਾਨ ਨੂੰ ਜੋਖਮ ਵਿਚ ਨਹੀਂ ਪਾ ਸਕਦੇ। ਜੇ ਤੁਹਾਡਾ ਬਪਤਿਸਮਾ ਪੂਰੀ ਤਰ੍ਹਾਂ ਨਾਲ ਨਵੇਂ ਨੇਮ ਵਿਚ ਦੱਸੀਆਂ ਗੱਲਾਂ ਨਾਲ ਮੇਲ ਨਹੀਂ ਖਾਂਦਾ ਤਾਂ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਉਸ ਵਿਚ ਸੁਧਾਰ ਕਰ ਲਓ।

## ਵਿਜ਼ੂਅਲ-ਏਡ ਨੋਟਸ

ਪੁਰਾਣੇ ਪੈ ਚੁੱਕੇ ਨਕਸ਼ੇ ਦੇ ਉਦਾਹਰਣ ਦੇਣ ਲਈ ਤੁਸੀਂ ਆਪਣੇ ਕੋਲ ਕੋਈ ਗੰਦਾ ਜਾਂ ਫ਼ਟਿਆ ਪੁਰਾਣਾ ਨਕਸ਼ਾ ਰੱਖ ਲਓ। ਜੇ ਤੁਸੀਂ ਚਾਹੋ ਤਾਂ ਪ੍ਰਾਸੰਗਿਕਤਾ ਬਣਾਉਣ ਲਈ ਥੋੜ੍ਹਾ ਰੁਕ ਸਕਦੇ ਹੋ: ਕਈ ਲੋਕ ਪੁਰਾਣੇ ਨੇਮ ਦੇ ਪੁਰਾਣੇ ਨਕਸ਼ੇ ਵਰਤਣ ਦੀ ਕੋਸ਼ਿਸ਼ ਕਰਦੇ ਹਨ (ਇਬਰਾਨੀਆਂ 8:7; 10:9); ਹੋਰ ਆਪਣੇ ਹੀ ਵਿਚਾਰਾਂ ਦੇ ਪੁਰਾਣੇ ਨਕਸ਼ੇ (ਭਾਵ ਅਗਿਆਨਤਾ ਤੇ ਅਧਾਰਤ ਸਿੱਟੇ, ਰਸੂਲਾਂ ਦੇ ਕੰਮ 17:30) ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਨ।

ਯੂਹੰਨਾ ਦੇ ਬਪਤਿਸਮੇ ਨਾਲ ਗ੍ਰੇਟ ਕਮਿਸ਼ਨ ਦੇ ਬਪਤਿਸਮੇ ਦੀ ਤੁਲਨਾ ਲਈ ਵਧੀਆ ਤਰੀਕਾ ਇਸ ਪਾਠ ਵਿਚ ਦਿੱਤੇ ਚਾਰਟ ''ਯੂਹੰਨਾ ਵੱਲੋਂ ਦਿੱਤੇ ਜਾਣ ਵਾਲੇ ਬਪਤਿਸਮੇ ਦੀ ਯਿਸੂ ਵੱਲੋਂ ਮੰਜ਼ੂਰ ਬਪਤਿਸਮੇ ਨਾਲ ਤੁਲਨਾ'' ਦੀ ਵਰਤੋਂ ਹੋ ਸਕਦੀ ਹੈ। ਤੁਸੀਂ ਕਿਸੇ ਵੱਡੇ ਬੋਰਡ ਤੇ ਲਿਖ ਸਕਦੇ ਹੋ। ਬਾਈਬਲ ਵਿੱਚੋਂ ਆਇਤਾਂ ਜੋੜਨ ਲਈ ਪਾਠ ਨੂੰ ਚੰਗੀ ਤਰ੍ਹਾਂ ਪੜ੍ਹ ਲਓ।

ਬਪਤਿਸਮੇ ਦੀਆਂ ਸਾਰੀਆਂ ਤਿੰਨ ਗੱਲਾਂ (ਤਰੀਕਾ, ਵਿਅਕਤੀ ਅਤੇ ਮਕਸਦ) ਦੀ ਲੋੜ ਤੇ ਬੋਲਣ ਲਈ ਕਿਸੇ ਚੀਜ਼ ਦਾ ਸਬਕ ਮਦਦਗਾਰ ਹੋ ਸਕਦਾ ਹੈ। ਜੇ ਤੁਹਾਨੂੰ ਤਿੰਨ ਲੱਤਾਂ ਵਾਲਾ ਸਟੂਲ ਮਿਲ ਜਾਵੇ, ਤਾਂ ਉਸ ਨੂੰ ਚੁੱਕੋ ਅਤੇ ਪੁੱਛੋ, ''ਇਨ੍ਹਾਂ ਵਿੱਚੋਂ ਕਿਹੜੀ ਲੱਤ ਜ਼ਰੂਰੀ ਹੈ ਅਤੇ ਕਿਹੜੀ ਗ਼ੈਰ ਜ਼ਰੂਰੀ?'' ਇਹ ਤਿੰਨੇ ਹੀ ਜ਼ਰੂਰੀ ਹਨ; ਜੇ ਇਨ੍ਹਾਂ ਵਿੱਚੋਂ ਇਕ ਵੀ ਟੁੱਟ ਜਾਵੇ ਤਾਂ ਇਹ ਸਟੂਲ ਕਿਸੇ ਕੰਮ ਦਾ ਨਹੀਂ ਰਹੇਗਾ। ਇਸ ਦੀ ਤੁਲਨਾ ਬਪਤਿਸਮੇ ਲਈ ਵਚਨ ਦੀਆਂ ਸ਼ਰਤਾਂ ਵਿੱਚੋਂ ਕਿਸੇ ਇਕ ਦੇ ਟੁੱਟ ਜਾਣ ਨਾਲ ਕਰੋ। (ਤੁਸੀਂ ਉਸ ਸਟੂਲ ਦੀ ਇਕ ਲੱਤ ਫੜ ਕੇ ਹਿਲਾ ਦਿਓ। ਤੁਸੀਂ ਇਕ ਲੱਤ ਦੇ ਨਿੱਕਲਣ ਦੀ ਗੱਲ ਕਰਦਿਆਂ ਸਟੂਲ ਦੀ ਇਕ ਲੱਤ ਖਿੱਚ ਲਓ। ਕੋਈ ਉਸ ਸਟੂਲ ਉੱਤੇ ਜਿਹਦੀ ਲੱਤ ਤੁਸੀਂ ਕੱਢੀ ਹੈ, ਬੈਠਣ ਦੀ ਕੋਸ਼ਿਸ਼ ਕਰ ਸਕਦਾ ਹੈ।) ਤਸਵੀਰਾਂ ਰਾਹੀਂ ਸਮਝਾਉਣ ਲਈ ਇਕ ਹੋਰ ਸੰਭਾਵਨਾ ਵਿਜ਼ੂਅਲ ਏਡ ਨੰਬਰਾਂ ਵਾਲਾ ਤਾਲਾ ਹੋ ਸਕਦਾ ਹੈ। ਧਿਆਨ ਦਿਓ ਕਿ ਨੰਬਰਾਂ ਵਾਲੇ ਉਸ ਤਾਲੇ ਨੂੰ ਖੋਲ੍ਹਣ ਲਈ ਤਿੰਨ ਨੰਬਰਾਂ ਨੂੰ ਮਿਲਾਉਣਾ ਜ਼ਰੂਰੀ ਹੁੰਦਾ ਹੈ। ਇਸ ਗੱਲ ਤੇ ਜ਼ੋਰ ਦਿਓ ਕਿ ਤਾਲਾ ਖੋਲ੍ਹਣ ਲਈ ਉਨ੍ਹਾਂ ਤਿੰਨਾ ਨੰਬਰਾਂ ਨੂੰ ਮਿਲਾਉਣਾ ਜਰੂਰੀ ਹੋ ਸਕਦਾ ਹੈ। ਇਸੇ ਤਰ੍ਹਾਂ ਵਚਨ ਦੇ ਅਨੁਸਾਰ ਬਪਸਿਤਮਾ ਲੈਣ ਲਈ ਇਹ ਤਿੰਨੇ ਸ਼ਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਜੋ ਖ਼ੁਦਾ ਨੂੰ ਚੰਗੀਆਂ ਲੱਗਣ।

## ਸਰਮਨ ਨੋਟਸ

ਮੇਰੇ ਦੋਸਤ ਮਾਰਕ ਕਲੇਅਰਡੇ ਨੇ ਰਸੂਲਾਂ ਦੇ ਕੰਮ 19 ਤੇ ਪ੍ਰਚਾਰ ਕਰਦਿਆਂ ''ਕਾਮਯਾਬ ਕਲੀਸੀਆ ਦੀਆਂ ਤਿੰਨ ਗੱਲਾਂ'' ਬੋਲਣ ਲਈ 1 ਤੋਂ 20 ਆਇਤਾਂ ਦੀ ਵਰਤੋਂ ਕੀਤੀ। ਉਹਦਾ ਸੰਦੇਸ਼ ਸੁਣ ਕੇ ਮੇਰੇ ਮਨ ਵਿਚ ''ਕਲੀਸੀਆ ਕਿਵੇਂ ਵਧੇ'' ਤੇ ਇਕ ਨਵਾਂ ਵਿਚਾਰ ਮਿਲਿਆ। ਮਾਰਕ ਇਕ ਚੰਗਾ ਮਾਲੀ ਹੈ ਇਸ ਲਈ ਮੈਂ ਇਸ ਵਿਚਾਰ ਨੂੰ ਬਾਗਬਾਨੀ ਨਾਲ ਮਿਲਾਂਵਾਂਗਾ: (1) ਇਹ ਪੱਕਾ ਕਰ ਲਓ ਕਿ ਬੀਜ ਸ਼ੁੱਧ ਹਨ (ਆਇਤਾਂ 1-7)। (2) ਬੀਜਣ ਵਿਚ ਕੰਜੂਸੀ ਨਾ ਕਰੋ (ਆਇਤਾਂ 8-10)। (3) ਬੀਜਣ ਤੋਂ ਪਹਿਲਾਂ ਜ਼ਮੀਨ ਚੰਗੀ ਤਰ੍ਹਾਂ ਤਿਆਰ ਕਰ ਲਓ (ਆਇਤਾਂ 11, 12)। (4) ਘਾਹ ਫੂਸ ਕੱਢਣ ਲਈ ਮਿਹਨਤ ਕਰੋ (ਆਇਤਾਂ 13-20)।

ਰਸੂਲਾਂ ਦੇ ਕੰਮ ਕਿਤਾਬ ਵਿਚ ਮਨਬਦਲੀਆਂ ਦੀ ਲੜੀ ਦੀ ਇਕ ਭਾਗ ਦੇ ਰੂਪ ਵਿਚ ਉਨ੍ਹਾਂ ਬਾਰ੍ਹਾਂ ਲੋਕਾਂ ਦੀ ਕਹਾਂਣੀ ਵੀ ਹੋ ਸਕਦੀ ਹੈ ਜਿਨ੍ਹਾਂ ਨੂੰ ਦੁਬਾਰਾ ਬਪਤਿਸਮਾ ਲੈਣ ਦੀ ਲੋੜ ਸੀ। ਇਸ ਤਰ੍ਹਾਂ ਦਾ ਪਾਠ 19:1 ਤਕ ਲਿਜਾਣ ਲਈ ਤੀਜੀ ਯਾਤਰਾ ਦੇ ਸ਼ੁਰੂ ਵਿਚ ਪਈ ਮੈਲ ਲਾਰ ਦੇਵੇਗਾ (ਜਿਵੇਂ ਲੂਕਾ ਨੇ ਕੀਤਾ)। ਇਸ ਪਾਠ ਦਾ ਸਿਰਲੇਖ (''ਬਪਤਿਸਮਾ ਕਦੋਂ ਬਪਤਿਸਮਾ ਨਹੀਂ ਹੁੰਦਾ?'') ਉਸ ਪਾਠ ਲਈ ਢੁਕਵਾਂ ਹੋਵੇਗਾ। ਇਹਦਾ ਬਦਲਵਾਂ ਸਿਰਲੇਖ ''ਬਾਰਾਂ ਚੇਲਿਆਂ ਦੀ ਮਨਬਦਲੀ ਜਿਨ੍ਹਾਂ ਨੂੰ ਬਪਤਿਸਮਾ ਲੈਣ ਦੀ ਲੋੜ ਸੀ'' ਵੀ ਹੋ ਸਕਦਾ ਹੈ। ਇਸ ਸਿਰਲੇਖ ਦੀ ਵਰਤੋਂ ਕੀਤੇ ਜਾਣ ਤੇ, ਟਿੱਪਣੀਆਂ ਸਪਸ਼ਟ ਤੌਰ ਤੇ ਸਿਰਲੇਖ ਨਾਲ ਮੇਲ ਨਾ ਖਾਣ ਵਾਲੀਆਂ ਭਾਵ ਕੀ ਉਨ੍ਹਾਂ ''ਚੇਲਿਆਂ'' ਨੂੰ ਜਿਨ੍ਹਾਂ ਨੇ ''ਬਪਤਿਸਮਾ ਲਿਆ ਹੋਇਆ'' ਸੀ, ਮਨਬਦਲੀ ਦੀ ਲੋੜ ਸੀ ਤੇ ਕੇਂਦਰਿਤ ਹੁੰਦੀਆਂ ਹਨ? ਅਗਲੇ ਪਾਠ ਵਿਚ ਸਾਡੇ ਅਗਲੇ ਪਾਠ ਦੇ ਮੁਤਾਬਕ ਤਾਂ ਇਹੀ ਸੀ।

ਤੀਤੁਸ ਤੇ ਇਕ ਵਾਧੂ ਸੰਦੇਸ਼ ਦਿੱਤਾ ਜਾ ਸਕਦਾ ਹੈ, ਜਿਹਦੇ ਨਾਂਅ ਦਾ ਜ਼ਿਕਰ ਲੂਕਾ ਨੇ ਕਦੇ ਨਹੀਂ ਕੀਤਾ ਪਰ ਉਹ ਪੌਲੁਸ ਦੇ ਕੰਮ ਲਈ ਉਹਦਾ ਬੇਸ਼ਕੀਮਤੀ ਮਦਦਗਾਰ ਸੀ। ਇਕ ਸੰਭਾਵਤ ਸਿਰਲੇਖ ਹੋਵੇਗਾ ''ਰਸੂਲਾਂ ਦੇ ਕੰਮ ਵਿਚ ਅਦ੍ਰਿਸ਼ ਬੰਦਾ।'' ਇਸ ਲੜੀ ਵਿਚ ਤੀਤੁਸ ਬਾਰੇ ਅਗਲੇ ਪਾਠਾਂ ਵਿਚ ਹੋਰ ਗੱਲ ਕਰਾਂਗੇ।

---

ਟਿੱਪਣੀਆਂ

[1]ਇਨ੍ਹਾਂ ਆਇਤਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ, ਇਸ ਪਾਠ ਦੇ ਬਾਅਦ ''ਆਪਣੇ ਭਾਈਆਂ ਨੂੰ ਮਜ਼ਬੂਤ ਕਰਨਾ'' ਵਾਲਾ ਵਧੀਕ ਲੇਖ ਵੇਖੋ। [2]ਰਸੂਲਾਂ ਦੇ ਕੰਮ 18:27 ਵਿਚ ''ਭਾਈਆਂ ਨੇ'' ਹੈ। [3]ਲੂਕਾ ਨੇ ''ਬਾਰਾਂ ਕੁ ਪੁਰਖ'' ਕਿਹਾ, ਇਸ ਲਈ ਮੈਂ ਮੰਨ ਲੈਂਦਾ ਹਾਂ ਕਿ ਗਿਆਰਾਂ ਜਾਂ ਤੇਰਾਂ ਹੋ ਸਕਦੇ ਹਨ। [4]ਅਕੂਲਾ ਅਤੇ ਪ੍ਰਿਸਕਿੱਲਾ ਇਨ੍ਹਾਂ ਨੂੰ ਜਾਣਦੇ ਹੋਣਗੇ, ਪਰ ਉਨ੍ਹਾਂ ਨੂੰ ਜਾਂ ਤਾਂ ਸਮਝ ਨਹੀਂ ਆ ਰਹੀ ਸੀ ਕਿ ਉਨ੍ਹਾਂ ਨਾਲ ਗੱਲ ਅੱਗੇ ਕਿਵੇਂ ਤੋਰੀਏ ਜਾਂ ਉਹ ਉਸ ਤਰ੍ਹਾਂ ਉਨ੍ਹਾਂ ਨੂੰ ਸਿਖਾ ਨਹੀਂ ਸਕੇ ਜਿਵੇਂ ਉਨ੍ਹਾਂ ਨੇ ਅਪੁੱਲੋਸ ਨੂੰ ਸਿਖਾਇਆ ਸੀ, ਇਸ ਕਰਕੇ ਉਨ੍ਹਾਂ ਨੇ ਮਾਮਲੇ ਨੂੰ ਸੁਲਝਾਉਣ ਵਿਚ ਪੌਲੁਸ ਦੇ ਆਉਣ ਦੀ ਉਡੀਕ ਕੀਤੀ ਸੀ। [5]ਇਸ ਵਿਆਖਿਆ ਨੂੰ ਸਭ ਤੋਂ ਪਹਿਲਾਂ ਲਿਖਣ ਵਾਲਿਆਂ ਵਿੱਚੋਂ ਚੌਥੀ ਸਦੀ ਦਾ ਜੌਨ ਕ੍ਰਿਸੋਸਟਾਮ ਸੀ। [6]ਆਈ. ਹਾੱਵਰਡ ਮਾਰਸ਼ਲ: *ਦ ਐਕਟਸ ਆਫ਼ ਅਪੋਸਟਲਜ਼,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਸਧਾਰਣ ਅੰਕ, ਆਰ. ਵੀ. ਜੀ. ਟਾਸਕਰ (ਗ੍ਰੈਂਡ

ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1980), 306-7. [7]ਦੂਜੇ ਪਾਸੇ, ਜੇ ਪੌਲੁਸ ਉਨ੍ਹਾਂ ਨੂੰ ਜਾਣਦਾ ਸੀ ਅਤੇ ਲੱਭ ਰਿਹਾ ਸੀ, ਤਾਂ ਉਨ੍ਹਾਂ ਦੀ ਰੂਹਾਨੀ ਲੋੜ ਨੂੰ ਧਿਆਨ ਵਿਚ ਰੱਖਦੇ ਹੀ ਉਹਨੇ ਸਵਾਲ ਪੁੱਛੇ ਹੋਣਗੇ। ਵਚਨ ਵਿਚ, ਮੈਂ ਇਸ ਵਿਸ਼ਵਾਸ ਕਰਕੇ ਅੱਗੇ ਵਧਾਂਗਾ ਕਿ ਪੌਲੁਸ ਨੂੰ ਉਨ੍ਹਾਂ ਦੇ ਪਿਛੋਕੜ ਦੀ ਜਾਣਕਾਰੀ ਹੈ ਸੀ। [8]ਇਸ ਗੱਲ ਵਿਚ ਇਹ ਮੰਨਿਆ ਜਾਂਦਾ ਹੈ ਕਿ ਪੌਲੁਸ ਨੂੰ ਉਨ੍ਹਾਂ ਦਾ ਰੂਹਾਨੀ ਪਿਛੋਕੜ ਪਤਾ ਨਹੀਂ ਸੀ। ਪਿਛਲੀ ਟਿੱਪਣੀ ਵੇਖੋ। [9] *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 2:38 ਤੇ ਨੋਟਸ ਵੇਖੋ। ''ਰਸੂਲਾਂ ਦੇ ਕੰਮ, 2'' ਵਿਚ ''ਪਵਿੱਤਰ ਆਤਮਾ ਕੀ ਕਰਦਾ ਹੈ?'' ਤੇ ਵਾਧੂ ਅਧਿਐਨ ਵੀ ਵੇਖੋ। [10]ਪੌਲੁਸ ਨੇ ਆਮ ਤੌਰ ਤੇ ਮਨਬਦਲੀ ਨੂੰ ਆਤਮਾ ਨਾਲ ਜੋੜਿਆ ਭਾਵ ਮਸੀਹੀ ਬਣਨਾ ਅਤੇ ''ਆਤਮਾ ਪਾਉਣਾ'' ਇੱਕੋ ਹੀ ਗੱਲ ਸੀ (ਗਲਾਤੀਆਂ 3:2)। ਬਚਾਏ ਜਾਣ ਵਾਲੇ ਤੇ, ਆਤਮਾ ਦੀ ''ਮੋਹਰ'' ਲੱਗ ਜਾਂਦੀ ਸੀ (ਅਫ਼ਸੀਆਂ 1:13)।

[11]ਫਿਰ ਜੇ ਉਨ੍ਹਾਂ ਨੂੰ ਪੁਰਾਣੇ ਨੇਮ ਦਾ ਕੁਝ ਵੀ ਪਤਾ ਹੁੰਦਾ ਤਾਂ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਪਤਾ ਹੋਣਾ ਸੀ, ਕਿਉਂਕਿ ਉਸ ਨੇਮ ਵਿਚ ਕਈ ਵਾਰ ਖ਼ੁਦਾ ਦੇ ਪਵਿੱਤਰ ਆਤਮਾ ਦੀ ਗੱਲ ਕੀਤੀ ਗਈ ਸੀ (ਜ਼ਬੂਰਾਂ ਦੀ ਪੋਥੀ 51:11; ਯਸਾਯਾਹ 63:11)। [12]NASB ਵਿਚ ''ਦਿੱਤਾ ਗਿਆ'' ਨੂੰ ਇਟੈਲਿਕ ਕੀਤਾ ਗਿਆ ਹੈ, ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਸ਼ਬਦ ਅਨੁਵਾਦਕਾਂ ਵੱਲੋਂ ਜੋੜਿਆ ਗਿਆ ਹੈ। [13]''ਕਾਹਦਾ'' ਯੂਨਾਨੀ ਲਿਖਤ ਦਾ ਸ਼ਬਦੀ ਅਨੁਵਾਦ ਹੈ ਜੋ ਸਾਨੂੰ ਯਾਦ ਦੁਆਉਂਦਾ ਹੈ ਕਿ ਬਪਤਿਸਮਾ ਮਸੀਹੀ ਲੋਕਾਂ ਨੂੰ ''ਮਸੀਹ ਵਿਚ'' ਲਿਆਉਂਦਾ ਹੈ (ਰੋਮੀਆਂ 6:3, 4; ਗਲਾਤੀਆਂ 3:27)। [14]ਧਿਆਨ ਦਿਓ ਕਿ ਪੌਲੁਸ ਨੇ ਆਪਣੇ ਆਪ ਮੰਨ ਲਿਆ ਕਿ ਉਨ੍ਹਾਂ ਨੇ ਬਪਤਿਸਮਾ ਲਿਆ ਹੋਇਆ ਸੀ। ''ਨਵੇਂ ਨੇਮ ਵਿਚ ਬਿਨਾਂ ਬਪਤਿਸਮਾ ਲਏ ਹੋਏ ਵਿਸ਼ਵਾਸੀ ਦੀ ਗੱਲ ਮਿਲਣਾ ਔਖਾ ਹੈ'' (ਐਫ਼. ਐਫ਼. ਬਰੂਸ, *ਦ ਬੁਕ ਆਫ਼ ਐਕਟਸ,* ਸੰਸ਼ੋ. ਸੰਸਕ. [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988], 363-64)। [15]ਉਦਾਹਰਣ ਲਈ ਅਪੁੱਲੋਸ ਅਤੇ ਇਨ੍ਹਾਂ ਬਾਰ੍ਹਾਂ ਪੁਰਖਾਂ ਨੂੰ ਉਨ੍ਹਾਂ ਲੋਕਾਂ ਨੇ ਹੀ ਸਿਖਾਇਆ ਅਤੇ ਬਪਤਿਸਮਾ ਦਿੱਤਾ ਹੋਵੇਗਾ ਜੋ ਸ਼ਾਇਦ ਉਸ ਇਲਾਕੇ ਵਿਚ ਯੂਹੰਨਾ ਦੇ ਕੁਝ ਘੁਮੱਕੜ ਚੇਲਿਆਂ ਵਿੱਚੋਂ ਸਨ। ਜੇ ਇਹ ਗੱਲ ਸੀ ਤਾਂ ਉਨ੍ਹਾਂ ਬਾਰਾਂ ਵਾਂਗ ਅਪੁੱਲੋਸ ਲਈ ਵੀ ਦੁਬਾਰਾ ਬਪਤਿਸਮਾ ਲੈਣਾ ਜ਼ਰੂਰੀ ਹੋਵੇਗਾ। (ਇਸ ਭਾਗ ਵਿਚ ''ਇਕ ਪ੍ਰਚਾਰਕ ਜਿਸ ਦੀ ਤਾਰੀਫ਼ ਕੀਤੇ ਬਗੈਰ ਮੈਂ ਨਹੀਂ ਰਹਿ ਸਕਦਾ'' ਪਾਠ ਵੇਖੋ)। [16]ਜਿਵੇਂ ਪਿਛਲੀ ਟਿੱਪਣੀ ਵਿਚ ਕਿਹਾ ਗਿਆ ਸੀ, ਅਤੇ ਸੰਭਾਵਨਾਵਾਂ ਵੀ ਹਨ, ਪਰ ਇਹ ਸਭ ਤੋਂ ਅਸਾਨ ਵਿਆਖਿਆ ਹੈ ਕਿ ਸਾਫ਼ ਤੌਰ ਤੇ ਅਪੁੱਲੋਸ ਨੂੰ ਦੁਬਾਰਾ ਬਪਤਿਸਮਾ ਕਿਉਂ ਨਹੀਂ ਲੈਣਾ ਪਿਆ ਜਦ ਕਿ ਉਨ੍ਹਾਂ ਬਾਰ੍ਹਾਂ ਨੂੰ ਲੈਣਾ ਪਿਆ ਸੀ (ਫੇਰ, ਇਸ ਭਾਗ ਵਿਚ ''ਇਕ ਪ੍ਰਚਾਰਕ ਜਿਸ ਦੀ ਤਰੀਫ਼ ਕੀਤੇ ਬਗੈਰ ਮੈਂ ਨਹੀਂ ਰਹਿ ਸਕਦਾ'' ਪਾਠ ਵੇਖੋ)। [17]ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ,* ਅੰਕ 1 (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 152. [18]ਰਿਚਰਡ ਓਸਟਰ, *ਦ ਐਕਟਸ ਆਫ਼ ਦ ਅਪੋਸਟਲਜ਼,* ਭਾਗ 2, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1979), 87. [19]ਉਦਾਹਰਣ ਦੇ ਤੌਰ ਤੇ ਆਪ ਬੀਤੀ ਦੱਸਦਿਆਂ ਮਜ਼ਾਕ ਭਰੀਆਂ, ਅਫ਼ਸੋਸਨਾਕ ਅਤੇ ਨਿਰਾਸ਼ ਕਰਨ ਵਾਲੀਆਂ ਗੱਲਾਂ ਦੱਸੀਆਂ ਜਾ ਸਕਦੀਆਂ ਹਨ। [20]ਪੌਲੁਸ ਨੇ ਇਨ੍ਹਾਂ ਲੋਕਾਂ ਨੂੰ *ਗਲਤ* ਸਿੱਖਿਆ ਦੇਣ ਵਾਲਿਆਂ ਨੂੰ ਫ਼ਟਕਾਰਨ ਲਈ ਵਕਤ ਨਹੀਂ ਗੁਆਇਆ, ਸਗੋਂ ਉਹਨੇ ਉਨ੍ਹਾਂ ਨੂੰ *ਸੱਚਾਈ* ਦੀ ਸਿੱਖਿਆ ਦੇਣ ਵਿਚ ਸਮਾਂ ਲਾਇਆ।

[21]ਬਾਈਬਲ ਵਿਚ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਇਹ ਆਖ਼ਰੀ ਜ਼ਿਕਰ ਹੈ। [22]ਖ਼ਾਸ ਤੌਰ ਤੇ ਉਹ ਆਤਮਾ ਦੇ ਮੋਅਜਜ਼ੇ ਕਰਨ ਦੇ ਦਾਨਾਂ ਦਾ ਪ੍ਰਚਾਰ ਕਰਦੇ ਹਨ, ਜੋ ਉਨ੍ਹਾਂ ਨੂੰ ਲਗਦਾ ਹੈ ਕਿ ਅੱਜ ਵੀ ਮਿਲਦੇ ਹਨ। [23]ਵਨਸੁਵੰਤਾ ਲਈ, ਮੈਂ ਪੌਲੁਸ (ਅਤੇ ਅੱਜ) ਦੇ ਸਮੇਂ ਵਿਚ ਮੰਨੇ ਜਾਣ ਵਾਲੇ ''ਇੱਕੋ ਬਪਤਿਸਮੇ'' ਦੇ ਵਰਣਨ ਲਈ ਕਈ ਸ਼ਬਦ ਵਰਤਦਾ ਹਾਂ, ਜਿਵੇਂ ਯਿਸੂ ਦੇ ਨਾਂਅ ਦਾ ਬਪਤਿਸਮਾ, ਮਸੀਹੀ ਲੋਕਾਂ ਵੱਲੋਂ ਦਿੱਤਾ ਜਾਣ ਵਾਲਾ ਬਪਤਿਸਮਾ, ਗ੍ਰੇਟ ਕਮਿਸ਼ਨ ਭਾਵ ਯਿਸੂ ਦੇ ਹੁਕਮ ਵਾਲਾ ਬਪਤਿਸਮਾ, ਮਸੀਹੀ ਬਪਤਿਸਮਾ, ਯਿਸੂ ਦਾ ਬਪਤਿਸਮਾ ਆਦਿ। ਇਨ੍ਹਾਂ ਸਾਰਿਆਂ ਤੋਂ ਗ੍ਰੇਟ ਕਮਿਸ਼ਨ ਵਿਚ ਮਿਲੇ ਉਸ ਬਪਤਿਸਮੇ ਦਾ ਪਤਾ ਲਗਦਾ ਹੈ (ਮੱਤੀ 28:19; ਮਰਕੁਸ 16:16) ਜਿਹਦਾ ਪ੍ਰਚਾਰ ਪਹਿਲੀ ਵਾਰ ਪੌਲੁਸ ਨੇ ਪੈਂਟੀਕਾਸਟ ਵਾਲੇ ਦਿਨ ਕੀਤਾ ਸੀ (ਰਸੂਲਾਂ ਦੇ ਕੰਮ 2:38)। [24]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 2:37 ਤੇ ਨੋਟਸ ਵੇਖੋ। [25]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਸਮੂਹਿਕ ਕਾਤਲ ਦਾ ਬਪਤਿਸਮਾ'' ਪਾਠ ਵਿਚ ਰਸੂਲਾਂ ਦੇ ਕੰਮ 22:16 ਤੇ ਨੋਟਸ ਵੇਖੋ। [26]ਪ੍ਰਭੂ ''ਦੇ ਨਾਂਅ ਨਾਲ'' ਕੁਝ ਕਰਨ ਦੇ ਮਹੱਤਵ ਬਾਰੇ, ''ਰਸੂਲਾਂ ਦੇ ਕੰਮ, 1'' ਦੇ ''ਉਹਦੇ ਨਾਮ ਉੱਤੇ'' ਪਾਠ ਦੇ ਸ਼ੁਰੂ ਵਿਚ ਵੇਖੋ। [27]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ਰਸੂਲਾਂ ਦੇ ਕੰਮ 8:38 ਤੇ ਨੋਟਸ ਅਤੇ ਓਸੇ ਕਿਤਾਬ ਦੀ ਅਰਥਾਵਲੀ ਵਿਚ ''ਬਪਤਿਸਮਾ'' ਵੇਖੋ।

[28]*ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 2:38 ਤੇ ਨੋਟਸ ਵੇਖੋ। ਮਰਕੁਸ 1:4 ਅਤੇ ਲੂਕਾ 3:3 ਵਿਚਲਾ ''ਲਈ'' ਸ਼ਬਦ ਰਸੂਲਾਂ ਦੇ ਕੰਮ 2:38 ਵਾਲੇ ''ਲਈ'' ਸ਼ਬਦ ਵਾਂਗ ਹੀ ਯੂਨਾਨੀ ਉਪਸਰਗ *eis* ਤੋਂ ਲਿਆ ਗਿਆ ਹੈ। [29]ਯੂਨਾਨੀ ਸ਼ਬਦ ਦੇ ਅਨੁਵਾਦ ''ਬਪਤਿਸਮਾ'' ਦਾ ਸ਼ਬਦੀ ਅਰਥ ''ਡੁਬਾਉਣਾ'' ਹੈ, ਇਸ ਕਰਕੇ ਮੇਰੇ ਲਈ ਸੰਖੇਪ ਵਿਚ ਵਿਆਖਿਆ ਕਰਨਾ ਔਖਾ ਹੈ। ਮੈਂ ਉਸ ਰਵਾਇਤ ਵਿਚ ਜਿਸ ਨੂੰ ''ਬਪਤਿਸਮਾ'' *ਕਿਹਾ* ਜਾ ਸਕਦਾ ਹੈ ਅਤੇ ਬਾਈਬਲ ਮੁਤਾਬਕ ਸੱਚਮੁੱਚ ਬਪਤਿਸਮੇ ਵਿਚ ਫ਼ਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਨ੍ਹਾਂ ਬਾਰਾਂ ਪੁਰਖਾਂ ਨੂੰ ਪਹਿਲਾਂ (ਯੂਹੰਨਾ ਦੇ ਬਪਤਿਸਮੇ ਵਿਚ) ਡੁਬੋਇਆ ਗਿਆ ਸੀ ਅਤੇ ਹੁਣ ਦੂਜੀ ਵਾਰ ਉਨ੍ਹਾਂ ਨੂੰ (ਯਿਸੂ ਦੇ ਨਾਂਅ 'ਚ) ਡੁਬੋਇਆ ਗਿਆ ਸੀ, ਇਸ ਕਰਕੇ ਮੈਂ ਪਾਠ ਵਿਚ ਕਈ ਵਾਰ ''ਦੁਬਾਰਾ ਬਪਤਿਸਮਾ'' ਸ਼ਬਦ ਦੀ ਵਰਤੋਂ ਕੀਤੀ ਹੈ। ਪਰ ਉਨ੍ਹਾਂ ਨੇ ਪ੍ਰਭੂ ਦੇ ਹੁਕਮ ਨਾਲ ਦਿੱਤਾ ਬਪਤਿਸਮਾ *ਇੱਕੋ ਵਾਰ* ਲਿਆ ਸੀ। ਤਲਾਅ ਵਿਚ ਖੇਡਦੇ ਅਤੇ ਇਕ ਦੂਜੇ ਨੂੰ ਡੁਬਾਉਂਦੇ ਬੱਚਿਆਂ ਦੀ ਉਦਾਹਰਣ ਦੇ ਕੇ, ਕਈ ਵਾਰ ਇਸ ਨੂੰ ''ਬਪਤਿਸਮਾ'' ਕਿਹਾ ਜਾਂਦਾ ਹੈ (ਹਾਂ ਬੱਚਿਆਂ ਨੂੰ ਅਜਿਹੀਆਂ ਖੇਡਾਂ ਆਉਂਦੀਆਂ ਹੀ ਹਨ)। ਜੋ ਕੁਝ ਉਨ੍ਹਾਂ ਨੇ ਕੀਤਾ ਉਸ ਨੂੰ ''ਡੁਬਕੀ'' ਤਾਂ ਕਿਹਾ ਜਾ ਸਕਦਾ ਹੈ ਪਰ ਇਸ ਬਾਈਬਲ ਦੇ ''ਬਪਤਿਸਮੇ'' ਨਾਲ ਬਿਲਕੁਲ ਮੇਲ ਨਹੀਂ ਖਾਂਦਾ। [30]ਇਸ ਉੱਤੇ ਹੋਰ ਅਧਿਐਨ ਲਈ ਇਸ ਪਾਠ ਦੇ ਅਗਲੇ ਭਾਗ ਵਿਚ ''ਪ੍ਰਾਸੰਗਿਕਤਾ ਨੂੰ ਸਮਝਣ ਵਿਚ ਮੁਸ਼ਕਿਲ'' ਸਿਰਲੇਖ ਹੇਠ ਚਰਚਾ ਵੇਖੋ।

[31]ਇਸ ਭਾਗ ਵਿਚ ''ਬੋਲੀਆਂ ਬੋਲਣਾ'' ਤੇ ਪਾਠ ਵੇਖੋ। [32]*ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਜਾਦੂਗਰ ਦੀ ਮਨਬਦਲੀ'' ਪਾਠ ਵਿਚ ਰਸੂਲਾਂ ਦੇ ਕੰਮ 8:17, 18 ਤੇ ਨੋਟਸ ਵੇਖੋ। [33] *ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਪਵਿੱਤਰ ਆਤਮਾ ਕੀ ਕਰਦਾ ਹੈ?'' ਵਾਲਾ ਵਧੀਕ ਪਾਠ ਵੇਖੋ। [34]ਲੂਕਾ ਨੇ ਪਤਰਸ ਦੇ ਕੰਮ ਅਤੇ ਪੌਲੁਸ ਦੇ ਕੰਮ ਵਿਚ ਕਈ ਸਾਂਝੀਆਂ ਗੱਲਾਂ ਵਿਖਾਈਆਂ। ਇਹ ਕੁਝ ਉਦਾਹਰਣਾਂ ਹਨ: ਲੰਗੜੇ ਆਦਮੀ ਨੂੰ ਚੰਗਾ ਕਰਨਾ, ਬਦਰੂਹਾਂ ਕੱਢਣਾ, ਜੇਲ੍ਹ ਤੋਂ ਛੁੱਟਣਾ, ਮੁਰਦੇ ਨੂੰ ਜ਼ਿੰਦਾ ਕਰਨਾ। ਇਹ ਵਿਖਾਉਣ ਲਈ ਕਿ ਖ਼ੁਦਾ ਉੱਤਰਾਧਿਕਾਰੀ ਨਾਲ ਵੀ ਉਵੇਂ ਹੀ ਹੈ ਜਿਵੇਂ ਉਹ ਪੂਰਵ-ਪਦ-ਅਧਿਕਾਰੀ ਨਾਲ ਸੀ (ਉਦਾਹਰਣ ਲਈ, ਮੂਸਾ ਅਤੇ ਯਹੋਸ਼ੁਆ, ਏਲੀਆਹ ਅਤੇ ਅਲੀਸ਼ਾ) ਪਵਿੱਤਰ ਲਿਖਤ ਦਾ ਇਹੀ ਤਰੀਕਾ ਹੈ। [35]''ਰਸੂਲਾਂ ਦੇ ਕੰਮ, 2'' ਵਿਚ ਸਾਮਰੀਆਂ ਦੀ ਮਨਬਦਲੀ ਤੇ ਨੋਟਸ ਵੇਖੋ। [36]ਓਸਟਰ, 88. [37]ਜਿਵੇਂ ਟਿੱਪਣੀ 29 ਵਿਚ ਕਿਹਾ ਗਿਆ ਸੀ, ਮੇਰੇ ਲਈ ਸੰਖੇਪ ਵਿਚ ਵਿਆਖਿਆ ਕਰਨਾ ਔਖਾ ਹੈ। ''ਬਪਤਿਸਮਾ'' *ਕਹੇ ਜਾਣ ਵਾਲੇ* ਪਰ ਅਸਲ 'ਚ ਜੋ ਲਿਖਤ ਮੁਤਾਬਕ ਬਪਤਿਸਮਾ ਨਹੀਂ ਹੈ, ਉਹਨੂੰ ਲਿਖਣ ਲਈ ਮੈਂ ''ਬਪਤਿਸਮਾ'' ਸ਼ਬਦ ਨੂੰ ਹਰ ਵਾਰ ਕਹਿਣ ਲਈ ਕੌਮਿਆਂ 'ਚ ਰੱਖਦਾ ਹਾਂ, ਪਰ ਇਹ ਬਹੁਤ ਹੀ ਬੁਰਾ ਲਗਦਾ ਹੈ। ਮੇਰਾ ਮੰਨਣਾ ਹੈ ਕਿ ਸੰਦਰਭ ਤੋਂ ਹੀ ਸਾਫ਼ ਹੋ ਜਾਵੇਗਾ ਕਿ ਮੈਂ ''ਬਪਤਿਸਮਾ'' ਸ਼ਬਦ ਦੀ ਵਰਤੋਂ ਕਿਸੇ ਮਨੁੱਖੀ ਰਵਾਇਤ ਲਈ ਕਰ ਰਿਹਾ ਹਾਂ ਜਾਂ ਪ੍ਰਭੂ ਦੇ ਹੁਕਮ ਮੁਤਾਬਕ ਦਿੱਤੇ ਬਪਤਿਸਮੇ ਲਈ। [38] *ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਬਪਤਿਸਮਾ।'' [39]*ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 2:47 ਤੇ ਨੋਟਸ ਵੇਖੋ। [40]ਯਕੀਨਨ ਹੀ ਜੇ ਕੋਈ ਐਨਾ ਵੱਡਾ ਹੋ ਗਿਆ ਹੈ ਕਿ ਉਹ ਖ਼ੁਦ ਸਮਰਪਣ ਕਰ ਸਕਦਾ ਹੈ ਤਾਂ ਇਹ ਸਵਾਲ ਫਿਰ ਰਹਿ ਜਾਂਦਾ ਹੈ ਕਿ ਭਲਾ ਉਹਨੇ ਬਪਤਿਸਮਾ ਲੈਣ ਤੋਂ ਪਹਿਲਾਂ ਸੱਚੇ ਮਨੋਂ ਵਿਸ਼ਵਾਸ ਕਰਕੇ ਤੌਬਾ ਕੀਤੀ ਸੀ ਜਾਂ ਨਹੀਂ।

[41]ਵੱਖੋ-ਵੱਖ ਫਿਰਕਿਆਂ ਵਿਚ ਜਿਨ੍ਹਾਂ ਵਿਚ ਮੌਰਮਨ ਵੀ ਆਉਂਦੇ ਹਨ, ਬਾਲਗਾਂ ਨੂੰ ਬਪਤਿਸਮਾ ਦੇਣ ਲਈ ਡੁਬਕੀ ਦਿੱਤੀ ਜਾਂਦੀ ਹੈ, ਪਰ ਮੈਂ ਉਨ੍ਹਾਂ ਦੇ ਬਪਤਿਸਮੇ ਨੂੰ ਮੰਜ਼ੂਰ ਕਰਨ ਤੇ ਧਿਆਨ ਨਹੀਂ ਦਿੰਦਾ। ਹੋਰ ਕਮੀਆਂ ਦੇ ਨਾਲ-ਨਾਲ ਇਨ੍ਹਾਂ ਵਿੱਚੋਂ ਕਈ ਫਿਰਕੇ ਯਿਸੂ ਨੂੰ ਗਲਤ ਢੰਗ ਨਾਲ ਪੇਸ਼ ਕਰਦੇ ਹਨ। [42]ਇਹਦੀ ਤੁਲਨਾ ''*ਕਾਨੂੰਨ ਦੇ ਨਾਮ* 'ਚ ਖੋਲ੍ਹੋ'' ਨਾਲ ਕਰੋ। [43]ਉੱਪਰ ਦਿੱਤਾ ਮਕਸਦ ਬਾਲਗਾਂ ਨੂੰ ਡੁਬਕੀ ਦੇਣ ਨਾਲ ਜੁੜਿਆ ਹੈ। ''ਨਵਜੰਮੇ ਬੱਚਿਆਂ ਦਾ ਬਪਤਿਸਮਾ'' ਦੇਣ ਵਾਲਿਆਂ ਕੋਲ ''ਬੱਚੇ ਨੂੰ ਨਰਕ ਤੋਂ ਬਾਹਰ ਰੱਖਣ'' ਤੋਂ ਲੈ ਕੇ ''ਬੱਚੇ ਨੂੰ ਮਸੀਹੀ ਨਾਮ ਦੇਣ (ਨਾਮ ਕਰਣ) ਲਈ ਢੁਕਵਾਂ ਮਹੌਲ'' ਵਰਗੇ ਕਈ ਬਹਾਨੇ ਹਨ। [44]ਇਹ ਸੰਭਾਵਨਾ ਮਿਲਦੀ ਹੈ ਕਿ ਪੌਲੁਸ ਦੇ ਆਉਣ ਤਕ ਅਫ਼ਸੁਸ ਦੇ ਮਸੀਹੀ ਸ਼ਾਇਦ ਅਕੂਲਾ ਅਤੇ ਪ੍ਰਿਸਕਿੱਲਾ ਵੀ ਉਨ੍ਹਾਂ ਦੇ ਬਪਤਿਸਮੇ ਨੂੰ ਸਹੀ ਮੰਨਦੇ ਸਨ। [45]ਮੈਂ ਇਹ ਮੰਨ ਕੇ ਚੱਲ ਰਿਹਾ ਹਾਂ ਕਿ ਅਸੀਂ ''ਪ੍ਰੇਮ ਨਾਲ ਸੱਚ'' ਬੋਲਾਂਗੇ (ਵੇਖੋ ਅਫ਼ਸੀਆਂ 4:15)।

© 2009 Truth for Today

## ਯੂਹੰਨਾ ਵੱਲੋਂ ਦਿੱਤੇ ਜਾਣ ਵਾਲੇ ਅਤੇ ਯਿਸੂ ਦੇ ਬਪਤਿਸਮੇ ਵਿਚ ਫ਼ਰਕ

| ਯੂਹੰਨਾ ਵੱਲੋਂ ਦਿੱਤਾ ਜਾਣ ਵਾਲਾ ਬਪਤਿਸਮਾ | ਯਿਸੂ ਦਾ ਬਪਤਿਸਮਾ |
| --- | --- |
| ਪਾਣੀ ਵਿਚ ਡੁਬਕੀ | ਪਾਣੀ ਵਿਚ ਡੁਬਕੀ |
| ਤਿਆਰੀ ਦਾ ਬਪਤਿਸਮਾ | ਪੂਰਾ ਹੋਣ ਦਾ ਬਪਤਿਸਮਾ |
| ਤੌਬਾ ਦਾ ਬਪਤਿਸਮਾ | ਵਿਸ਼ਵਾਸ ਦਾ ਬਪਤਿਸਮਾ |
| ਤੌਬਾ ਲਈ ਕਹਿਣ ਨਾਲ | ਇੰਜੀਲ ਸੁਣਾਏ ਜਾਣ ਨਾਲ |
| ਮਸੀਹ (ਅਤੇ ਸਲੀਬ) ਵੱਲ ਅੱਗੇ ਨੂੰ ਵੇਖਦਾ ਸੀ | ਮਸੀਹ (ਅਤੇ ਸਲੀਬ) ਵੱਲ ਪਿਛਾਂਹ ਨੂੰ ਵੇਖਦਾ ਹੈ |
| ਪਾਪਾਂ ਦਾ ਇਕਰਾਰ ਸੀ | ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਕਰਦਾ ਹੈ |
| ਕਿਸੇ ਨਾਂਅ ਨਾਲ ਨਹੀਂ ਜੁੜਿਆ ਸੀ | ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂਅ 'ਚ |
| ਪਾਪਾਂ ਦੀ ਮਾਫ਼ੀ ਲਈ | ਪਾਪਾਂ ਦੀ ਮਾਫ਼ੀ ਲਈ |
| ਪਵਿੱਤਰ ਆਤਮਾ ਦਾ ਕੋਈ ਵਾਅਦਾ ਨਹੀਂ | ਪਵਿੱਤਰ ਆਤਮਾ ਦਾ ਵਾਅਦਾ |

